# ਬ੍ਰਾਹਮਣੀ ਕਬਜ਼ੇ ਦਾ ਨੀਂਹ ਪੱਥਰ ?
## (ਦੁਧ ਨਾਲ) ਕਰਵਾਇਆ ਜਾਂਦਾ ਇਸ਼ਨਾਨ, ਨਿਰੰਤਰ ਜਗ ਰਹੀ ਘਿਉ ਦੀ ਜੋਤਿ, ਕੀਰਤਨ ਚੌਕੀ ਸਮੇਤ ਸਾਰੀ ਮ੍ਰਯਾਦਾ ਅਰੰਭ ਹੋਣ ਦਾ ਪਿਛੋਕੜ

{**ਜ਼ਰੂਰੀ ਨੋਟ=** ਸੁਜਾਨ ਪਾਠਕਾਂ ਨੂੰ ਯਾਦ ਹੋਣਾ ਹੈ ਕਿ, '**ਗੁਰੁ ਬਿਲਾਸ ਪਾਤਸਾਹੀ ੬**' ਦੀ ਪਰਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ਤੇ ਕਰਦਿਆਂ ਪੁਸਤਕ ਲਿਖਣ ਵਾਲਾ ਕਾਰਜ ਦਾਸ ਨੇ ਆਪਣੇ ਉਨ੍ਹਾਂ ਬਚਨਾ ਅਨੁਸਾਰ ਹੀ ਆਰੰਭ ਕਰ ਦਿਤਾ ਸੀ, ਜੋ ਚੰਡੀਗੜ੍ਹੋਂ ਛਪਦੇ ਪ੍ਰਸਿੱਧ ਪੰਥਕ ਮਾਸਕ ਪੱਤਰ, ਸਪੋਕਸਮੈਨ ਦੇ ਜੂਨ ੧੯੯੯ ਦੇ ਅੰਕ ਵਿਚ ਛਪੇ "ਮੁਠਾ ਆਪ ਮੁਹਾਏ ਸਾਥੇ"- ਲੇਖ ਵਿਚ ਛਪ ਗਏ ਸਨ। ਗੁਰਬਿਲਾਸ ਗ੍ਰੰਥ ਦਾ ਚੌਥਾ ਅਧਿਆਇ ਵੀ ਪੂਰਾ ਨਹੀਂ ਸੀ ਹੋਇਆ ਕਿ ਪੁਸਤਕ ਦਾ ਅਕਾਰ ਅਨੁਮਾਨ ਤੋਂ ਵੱਧ ਹੋ ਗਿਆ। ਕਿਉਂਕਿ ਲਿਖੀ ਜਾ ਰਹੀ ਪੁਸਤਕ ਦੀ ਛਪਾਈ ਦੀ ਜ਼ਿਮੇਵਾਰੀ ਸਿੰਘ ਸਭਾ ਇੰਟਰਨੈਸ਼ਨਲ ਅਮਰੀਕਾ ਨੇ ਲਈ ਹੋਈ ਹੈ, ਸੋ ਉਨ੍ਹਾਂ ਵਲੋਂ ਪੁਸਤਕ ਦੇ ਅਕਾਰ ਨੂੰ ਘਟ ਤੋਂ ਘਟ ਰੱਖਣ ਦਾ ਇਸ਼ਾਰਾਂ ਆਉਣ ਕਾਰਨ ਦਾਸ ਨੇ ਚੌਥੇ ਅਧਿਆਏ ਤਕ ਦੀ ਪਰਖ ਲਿਖਣ ਉਪਰੰਤ ਪੁਸਤਕ ਦੀ ਸਮਾਪਤੀ ਦਾ ਮਨ ਬਣਾ ਲਿਆ। ਗੁਰਬਿਲਾਸ ਦਾ ਚੌਥਾ ਅਧਿਆਇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਵਿਚਾਰ ਤੋਂ ਅਰੰਭ ਹੁੰਦਾ ਹੈ ਅਤੇ ੭੧● ਚੌਪਈਆਂ ਦੋਹਰਿਆਂ ਆਦਿ ਵਾਲੇ (੫੭ ਤੋਂ ੧੨● ਸਫ਼ਿਆ ਵਾਲੇ ) ਦੂਜਿਆਂ ਤੋ ਲਮੇਰੇ ਅਧਿਆਇ ਦੀ ਸਮਾਪਤੀ ਤਕ ਉਹੀ ਪਰਸੰਗ ਤੁਰਿਆ ਜਾਂਦਾ ਹੈ। ਪਰ ਕਿਉਂਕਿ ਸਾਹਿਬਜ਼ਾਦਾ ਹਰਿ ਗੋਬਿੰਦ ਸਾਹਿਬ ਜੀ ਦੀਆਂ ਸ਼ਾਦੀਆਂ ਵਾਲੇ ਅਗਲੇ ਪੰਜਵੇ ਅਧਿਆਇ ਦੇ ਆਰੰਭਕ ਕੁਝ ਸਫ਼ੇ (ਗੁਰੂ) ਗ੍ਰੰਥ ਜੀ ਦੀ ਸਥਾਪਨਾ-ਰੂਪ ਸੇਵਾ ਸੰਭਾਲ ਆਦਿ ਦੇ ਨਾਲ ਹਰਿਮੰਦਰ ਸਾਹਿਬ ਵਿਚ, ਸੈਕੜੇ ਸਾਲਾਂ ਤੋਂ ਗੁਰਮਤਿ ਵਿਰੋਧੀ ਬ੍ਰਹਾਮਣੀ ਤਰਜ਼ ਦੀ ਮਰਯਾਦਾ ਦੇ ਪਰਚਲਤ ਹੋਣ ਦੀ ਅਸਲੀਅਤ ਦਰਸਾ ਰਹੇ ਹਨ, ਇਸ ਕਾਰਨ ਕਥਾ ਦੇ ਇਸ ਹਿੱਸੇ ਦੀ ਵਿਸ਼ੇਸ਼ਤਾ(**Importance**) ਸਗੋਂ ਹੋਰ ਵੀ ਵੱਧ ਨਜ਼ਰੀਂ ਆਈ। ਗੁਰਬਿਲਾਸ ਦੇ ਉਸ ਛੋਟੇ ਜਿਹੇ ਭਾਗ ਪ੍ਰਤੀ ਗੁਰਮਤਿ ਵਿਚਾਰਾਂ ਅੱਡਰੇ ਤੌਰ ਤੇ ਲਿਖਣ ਦੇ ਸੁਝਾ ਦੀ ਪਾਲਣਾ ਵਿਚ ਲਿਖੀਆਂ ਗੁਰਮਤਿ ਵਿਚਾਰਾਂ, ਇਸ ਛੋਟੀ ਜਿਹੀ ਪੁਸਤਕ ਦੇ ਰੂਪ ਵਿਚ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਹਨ ।

ਸਨਮਾਨ ਯੋਗ ਵੇਦਾਂਤੀ ਜੀ ਨੇ, ਆਪਣੀ ਸੰਪਾਦਨਾ ਵਾਲੇ ਗੁਰਬਿਲਾਸ ਪਾਤਸ਼ਹੀ ੬ ਨੂੰ ਜਿਸ ਮਜਬੂਰੀਦੇ ਕਾਰਨ ਅਚਨਚੇਤ ਵਾਪਸ ਲੈਣ ਦੀ ਖ਼ਬਰ ਛਪਵਾ ਦਿੱਤੀ ਸੀ, ਉਸ ਦੀ ਅਸਲੀਅਤ ਸਿੰਘ ਸਾਹਿਬ ਜੀ ਵਲ ਲਿਖੀ ਚਿੱਠੀ ਵਿਚ ਪਾਠਕਾਂ ਨੇ ਪੜ੍ਹ ਲਈ ਹੈ।_ਗੁਰ ਬਿਲਾਸ ਦਾ ਦੂਜਾ ਰੂਪ ਜਿਹੜਾ ਕਿ, "ਪੰਜਾਬ ਸਾਹਿਤਿਕ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ" ਨੇ ਛਾਪਿਆ ਹੋਇਆ ਸੀ ਸਨਮਾਨਯੋਗ ਸਿੰਘ ਸਾਹਿਬਾਨ ਨੇ ਉਸ ਨੂੰ ਉਵੇਂ ਹੀ ਦੁਕਾਨਾਂ ਤੇ ਵਿਕਦਾ ਰਹਿਣ ਦਿਤਾ। ਉਸ ਦੀ ਉਚੇਚੀ ਵਿਸ਼ੇਸ਼ਤਾ ਦੇ ਕਾਰਨ, ਲਿਖੀ ਜਾ ਰਹੀ ਇਸ ਪੁਸਤਕ ਵਿਚ ਉਸ ਗੰਥ ਦਾ ਸੰਖੇਪ ਨਰੀਖਣ-ਹਵਾਲਾ ਵੀ ਨਾਲ ਦਿੱਤਾ ਜਾ ਰਿਹਾ ਹੈ।

ਦੋਹਰਾ ॥ ਸ੍ਰੀ ਗੁਰੂ ਨਾਨਕ ਕੋ ਨਮੋ ਤਾਹਿ ਚਰਨ ਉਰਿ ਧਾਰਿ ।
ਕਥਾ ਸੁ ਪੰਚਮ ਧਿਆਇ ਕੀ ਬਰਨਨ ਕਰੋਂ ਅਪਾਰ ॥੧॥

**ਅਰਥ**:-ਹਿਰਦੇ ਵਿਚ ਸ੍ਰੀ ਗੁਰੂ ਨਾਨਕ ਸਹਿਬ ਜੀ ਦੇ ਚਰਨਾਂ ਨੂੰ ਧਿਆਉਂਦਾ ਹੋਇਆ ਉਨ੍ਹਾਂ ਨੂੰ ਨਮਸਕਾਰ ਕਰਦਾ ਹੋਇਆ ਪੰਜਵੇਂ ਅਧਿਆਇ ਦੀ ਅਕਥਨੀਯ-ਕਥਾ ਵਰਣਨ ਕਰਦਾ ਹਾਂ।੧।

ਕ੍ਰਿਪਾਸਿੰਧੁ ਸ੍ਰੀ ਸਤਿਗੁਰੂ ਗੁਰ ਅਰਜਨ ਸੁਖਖਾਨ ।
ਸਭੁ ਕੋ ਨਿਕਟਿ ਬੁਲਾਇ ਕੈ ਲਾਯੋ ਤਬੈ ਦੀਵਾਨ ॥੨॥

**ਅਰਥ**:-ਮਿਹਰਾਂ ਦੇ ਸਮੁੰਦਰ (ਸੰਸਾਰੀ-) ਸੁਖਾਂ ਦੀ ਖਾਨ **(Mine)** **ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸਾਰਿਆ ਨੂੰ ਨੇੜੇ ਬੁਲਾ ਕੇ ਉਸੇ ਸਮੇ ਦੀਵਾਨ ਸਜਾ ਲਿਆ** ।੨। ਗੁਰੂ ਫ਼ੁਰਮਾਨ ਹੈ-ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥{੪੭●}-

ਪੁਸਤਕ ਦਾ ਬਿੱਪਰ ਲਿਖਾਰੀ ਜਿਵੇਂ ਦੀਆਂ ਨਮਸਕਾਰਾਂ ਸਤਿਗੁਰੂ ਨਾਨਕ ਸਾਹਿਬ ਜੀ ਨੂੰ ਕਰਦਾ ਹੈ ਉਸ ਦੀ ਅਸਲੀਯਤ ਦਾ ਭੇਤ ਪਾਠਕਾਂ ਤੇ ਉਸ ਸਮੇ ਖੁਲ੍ਹੇਗਾ ਜਦ ਉਹ ਇਹ ਪੜ੍ਹਨਗੇ ਕਿ ਇਸ ਨੇ ਸਤਿਗੁਰੂ ਨਾਨਕ ਸਾਹਿਬ ਜੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੇ ਦੇ ਘਰ ਦੋ ਵਾਰ (ਇਕਵਾਰ ਮਾਤਾ ਦਮੋਦ੍ਰੀ ਜੀ ਦੀ ਅਤੇ ਦੂਜੀ ਵਾਰ ਮਾਤਾ ਨਾਨਕੀ ਜੀ ਦੀ ਕੁਖੋਂ) ਸੇਲੀ ਟੋਪੀ ਅਤੇ ਚਿਟੇ ਦਾਹੜੇ ਸਮੇਤ ਜਨਮਦੇ ਅਤੇ ਤਿੰਨੇ ਮਾਤਵਾਂ ਪਰਦਾ ਕਰ ਲੈਂਦੀਆਂ ਦਰਾਸਾਈਆਂ ਹੋਈਆਂ ਹਨ- "**ਸਭੀ ਮਾਤ ਮੁਖਿ ਅਚਰ ਪਾਯੋ।**"**{ਅਧਿ;੯-ਦੋਹ:੨੨੭}**- ਲਿਖਾਰੀ ਦੀ ਅਜੇਹੀ ਕੁਟਲ ਲਿਖਣ-ਵਿਧੀ ਬਾਰੇ ਵਿਚਾਰਾਂ ਦਾਸ ਨੇ ਸੰਪੂਰਨ ਹੋਈ ਪੁਸਤਕ ਵਿਚ ਕਈ ਵਾਰ ਲਿਖੀਆਂ ਹਨ। ਅੱਗੇ ਪਿੱਛੇ ਜਦੋਂ ਗੁਰਮਤਿ ਦੀ ਗੰਭੀਰ ਖੰਡਨਾਂ ਵਾਲਾ ਸਮਾ ਨਾ ਬਣਦਾ ਹੋਵੇ ਅਤੇ ਬਾਬਾ ਬੁਢਾ ਜੀ ਦੀ ਵਡਿਆਈ ਅਸਮਾਨੀ ਚਾੜਨੀ ਹੋਵੇ, ਉਦੋ ਸਤਿਗੁਰਾਂ ਲਈ 'ਅਰਜਨ' ਜਾਂ ਵਧ ਤੋਂ ਵੱਧ 'ਗੁਰ ਅਰਜਨ' ਅਤੇ ਬਾਬਾ ਬੁੱਢਾ ਨੂੰ ਸਤਿਗੁਰੂ ਜੀ ਦਾ "**ਸਾਹਿਬ ਬੁਢਾ**" ਬੜੀਆਂ ਦੇਵੀ ਸ਼ਕਤੀਆਂ ਦਾ ਭੰਡਾਰ ਦਰਸਾ ਰਿਹਾ ਹੁੰਦਾ ਹੈ। ਪਰ ਜਦੋਂ ਕੋਈ ਗੁਮਤਿ ਵਿਰੋਧੀ ਕਰਮ ਕੀਤਾ ਦਰਸਾਉਣਾ ਹੋਵੇ ਉਦੋਂ ਸਤਿਗੁਰੂ ਜੀ ਲਈ ਬੜੇ ਸਤਿਕਾਰ ਵਾਲੇ ਅਥਵਾ ਵਡਿਆਉਣ ਵਾਲੇ ਸ਼ਬਦ ਵਰਤਦਾ ਹੈ। ਏਥੇ ਵੇਖੋ ਇਕੋ ਪੰਗਤੀ ਵਿਚ ਗੁਰਦੇਵ ਜੀ ਲਈ "**ਕ੍ਰਿਪਾਸਿੰਧੁ**" ਅਤੇ "**ਸੁਖ-ਖਾਨ**" ਵਡਾ ਸਤਿਕਾਰ ਦਰਸਾ ਰਹੇ ਇਕੱਠੇ ਦੋ ਸ਼ਬਦ ? ਭਾਵ, ਸਤਿਗੁਰੂ ਜੀ ਤੋਂ ਗੰਭੀਰ ਗੁਰਮਤਿ ਵਿਰੋਧੀ ਕਾਰਾ ਕਰਵਾਉਣ ਦੀ ਭੂਮਿਕਾ-ਰੂਪ ਚਿਤਾਵਣੀ ਦਾ ਘੜਿਆਲ ? ਬਿਬੇਕਤਾ ਨਾਲ ਵਿਚਾਰਦੇ ਹੋਏ, ਆਉ ਅੱਗੇ ਵਧੀਏ। ਉਪਰੋਕਤ ਅੰਤਲੀ ਪੰਗਤੀ ਅਨੁਸਾਰ ਗੁਰਦੇਵ ਜੀ ਨੇ ਸਾਰਿਆਂ ਨੂੰ ਨੇੜੇ ਬੁਲਾ ਕੇ ਦੀਵਾਨ ਲਾ ਲਿਆ ਅਤੇ:-

ਚੌਪਈ ॥ ਗੁਰਦਾਸ ਬੁਢੇ ਸਭ ਹੀ ਇਕਠਾਏ । ਗੁਰ ਅਰਜਨ ਤਬ ਬਚਨ ਸੁਨਾਏ ।
ਕਹੋ ਵਿਚਾਰ ਸਭੈ ਅਸਥਾਨਾ । ਜਹਾਂ ਗ੍ਰਿੰਥ **ਅਸਥਾਪਨ** ਠਾਨਾ ॥੩॥

ਅਰਥ:-ਭਾਈ ਗੁਰਦਾਸ ਜੀ ਅਤੇ ਬੁੱਢੇ (ਸਾਹਿਬ ਬੁਢਾ ਨਹੀ ਕੇਵਲ ਬੁਢੇ ?) ਆਦਿ ਸਾਰੇ ਇਕ ਥਾਂ ਜੁੜੇ ਹੋਏ ਸਨ ਕਿ, ਗੁਰੂ ਅਰਜਨ ਸਾਹਿਬ ਜੀ ਨੇ ਕਿਹਾ ਕਿ, ਤੁਸੀ ਸਾਰੇ ਉਸ ਅਸਥਾਨ ਬਾਬਤ ਆਪਣੀ ਆਪਣੀ ਰਾਏ ਦੱਸੋ, (ਵੇਦਾਂਤੀ ਜੀ ਅਨੁਸਾਰ-) ਜਿਥੇ (ਗੁਰੂ) ਗ੍ਰੰਥ (ਸਾਹਿਬ) ਦਾ ਪ੍ਰਕਾਸ਼ ਕੀਤਾ ਜਾਵੇ ।੩।

ਵੇਦਾਂਤੀ ਜੀ ਨੇ ਅਸਥਾਪਨ ਦਾ ਅਰਥ ਪਰਕਾਸ਼ ਕਰਨਾ ਲਿਖ ਕੇ ਲਿਖਾਰੀ ਦੇ ਗੰਭੀਰ ਕਟਾਖਸ਼ਯ ਤੇ ਪਰਦਾ ਪਾਇਆ ਹੈ। ਮੰਦਰਾਂ ਵਿਚ ਦੇਵੀ ਦੇਵਤਿਆਂ ਆਦਿ ਕਥਿਤ ਭਗਵਾਨਾਂ ਦੀਆਂ ਪੱਥਰ ਦੀਆਂ ਮੂਰਤੀਆਂ ਨੂੰ ਅਸ਼ਥਾਪਨ ਕੀਤਾ ਜਾਂਦਾ ਹੈ। ਪਰ ਸਤਿਗੁਰੂ ਜੀ ਦਾ ਸਦਾ ਪ੍ਰਕਾਸ਼ ਹੋਇਆ ਹੀ ਮੰਨੀਦਾ ਹੈ। ਤਸੱਲੀ ਲਈ-ਮਹਾਂਨ ਕੋਸ਼ ਦੇ ੨੭ ਸਫ਼ੇ ਤੇ ਅਸਥਾਪਨ=ਸੰਗਯਾ: ਸਥਾਪਨ. ਠਹਿਰਾਉਣ ਦਾ ਭਾਵ. ਅਤੇ ਮਹਾਨ ਕੋਸ਼ ਦੇ ੬੧੧ ਸਫ਼ੇ ਤੇ ਥਾਪਨ= ਸੰ. ਸਥਾਪਨ. ਸੰਗਯਾ-ਕਾਇਮ ਕਰਨ ਦੀ ਕ੍ਰਿਯਾ. ਸਥਾਪਨ ਦਾ ਭਾਵ-"**ਥਾਪਿਆ ਨ ਜਾਇ ਕੀਤਾ ਨਾ ਹੋਇ.**" (ਜਪ). ੨. ਕਿਸੇ ਅਧਿਕਾਰ (ਪਦਵੀ) ਤੇ ਥਾਪਨ ਦਾ ਕਰਮ-"**ਜਲਧਿ ਬਾਂਧਿ ਧ੍ਰੂ ਥਾਪਿਓ ਹੇ.**" (ਸੋਰ ਨਾਮਦੇਵ)। । ਲਿਖਿਆ ਹੈ ਮਹਾਨ ਕੋਸ਼ ਦੇ ਹੀ ੭੯੭ ਤੇ ਪ੍ਰਕਾਸ਼=ਸੰਗਯਾ-ਚਮਕ. ਤੇਜ. ਜਯੋਤਿ। ੨. ਪ੍ਰਗਟ ਹੋਣ ਦੀ ਕ੍ਰਿਯਾ. ੩. ਧੁੱਪ ਆਤਪ। ੪. ਪ੍ਰਸਿਧਿ । ੫ ਗਯਾਨ । ੬ ਪ੍ਰਹਾਸ. ਹਾਸੀ । ੭ ਕਾਂਸੀ ਧਾਤੁ । ੮ ਵਿਸਤਾਰ । ਸ਼ਿਵ । ੧● ਗ੍ਰੰਥ ਦਾ ਕਾਂਡ. ਬਾਬ (Chapter)

ਅਸਥਾਪਨ ਦਾ ਅਰਥ "ਪ੍ਰਕਾਸ਼ ਕਰਨਾ ਲਿਖਣਾ ਵੇਦਾਂਤੀ ਜੀ ਨੇ ਲਿਖਾਰੀ ਦੇ ਕਿਸ ਪ੍ਰਕਾਰ ਦੇ ਕਠਾਕਸ਼ਯ ਤੇ ਪਰਦਾ ਪਾਇਆ। (ਉਨ੍ਹਾਂ ਦੀ ਆਪਣੀ ਕਲਮ ਤੋਂ ਮਿਲ ਰਹੇ ਅਕੱਟ ਸਬੂਤਾਂ ਤੋਂ ਕਿਹਾ ਜਾ ਸਕਦਾ ਹੈ ਕਿ-) ਇਹ ਹੋ ਹੀ ਨਹੀਂ ਸਕਦਾ ਕਿ ਸਤਿਕਾਰ ਯੋਗ ਵੇਦਾਂਤੀ ਸਾਹਿਬ ਜੀ ਨੂੰ ਲਿਖਾਰੀ ਦੇ ਹਿਰਦੇ ਵਿਚਲੇ ਇਸ ਜ਼ਹਿਰ ਦਾ ਪਤਾ ਨਾ ਹੋਵੇ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਰ ਪੱਖੋ ਮੰਦਰਾਂ ਵਿਚਲੀਆਂ ਮੂਰਤੀਆਂ ਦੀ ਪੱਧਰ ਤੇ ਵੇਖਣਾ ਚਾਹੁੰਦਾ ਹੈ ? ਉਹ ਡਰ ਗਏ ਕਿ, ਹੁਣ ਤਾਂ ਕੇਵਲ ਮੈਂ ਹੀ ਅਸਲੀਯਤ ਸਮਝੀ ਹੈ ਜੇ ਅਸਥਾਪਨ ਦੇ ਅਰਥ ਕਾਇਮ ਕਰਨਾ ਹੀ ਲਿਖ ਦਿੱਤੇ, ਫਿਰ ਤਾਂ ਜਣੇ ਖਣੇ ਦੇ ਮਨ ਵਿਚ ਵੀ ਸ਼ੰਕਾ ਪੈ ਸਕਦਾ ਹੈ ? ਇਸ ਤੋਂ ਗੁਰਦੁਆਰਿਆਂ ਵਿਚ ਦੋਬਾਰਾ ਕਥਾ ਆਰੰਭ ਕਰਵਾਉਣ ਵਾਲੀ ਸੱਧਰ ਤਾ ਮਨ ਦੀ ਮਨ ਵਿਚ ਹੀ ਰਹਿ ਜਾਣੀ ਹੈ। ਉਨ੍ਹਾਂ ਦੇ ਆਪਣੇ ਲਿਖੇ ਅਨੁਸਾਰ ਜਿਹੜਾ ਗ੍ਰੰਥ ਪੁਰਾਤਨ ਕਾਲ ਤੋਂ ਸਿੱਖ ਜਗਤ ਲਈ "ਹਰਮਨ ਪਿਆਰਾ" ਬਣਿਆ ਆ ਰਿਹਾ ਉਸ ਬਾਰੇ ਕੋਈ ਰੌਲਾ ਪੈਣ ਦਾ ਅੱਜ ਕੋਈ ਖ਼ਤਰਾ ਤਾਂ ਨਹੀਂ ਫਿਰ ਵੀ ਜਿਥੇ ਹੋਰ ਏਨੇ ਅਡੰਬਰ ਰਚੇ ਹਨ ਉਥੇ ਹੋਰ ਵੀ ਹਰ ਪੱਖੋਂ ਸੁਚੇਤ ਰਹਿਣਾ ਹੀ ਬਣਦਾ ਸੀ। ਵੇਦਾਂਤੀ ਜੀ ਇਸ ਗ੍ਰੰਥ ਦੀ ਕਥਾ ਨੂੰ ਗੁਰਬਾਣੀ ਦੀ ਬਰਾਬਤਾ ਤੇ ਆਰੰਭ ਕਰਵਾਉ ਲਈ ਬੇਚੈਨ ਹੋ ਰਹੇ ਆਪਣੀ ਕਲਮ ਨਾਲ ਲਿਖੇ

(ਭੂਮਿਕਾ ਸਫ਼ਾ-੫੪) ਬਚਨਾਂ ਤੋਂ ਹੀ ਸਪੱਸ਼ਟ ਨਜ਼ਰੀਂ ਆ ਰਹੇ ਹਨ। ਪੂਰਾ ਵੇਰਵਾ ਅਧਿਆਇ ਅਰੰਭ ਵਿਚ ਉਰੋਕਤ **Special Note** ਵਿਚ ਦਿੱਤਾ ਗਿਆ ਹੈ। ।

ਬੁਢੇ ਕਹਾ ਆਪਿ ਪ੍ਰਭ ਜਾਨੋ । ਤੁਝ ਤੇ ਪ੍ਰਭ ਜੀ ਕੌਨ ਸਿਆਨੋ ।

ਸ੍ਰੀ ਗ੍ਰਿੰਥ ਲਾਇਕ ਦਰਬਾਰਾ । ਔਰ ਅਸਥਾਨ ਨ ਕੋਇ **ਮੁਰਾਰਾ** ॥੪॥.

**ਅਰਥ:-**(ਬਾਬਾ) ਬੁਢਾ ਨੇ ਆਖਿਆ- ਹੇ ਪ੍ਰਭੂ ਤੁਸੀਂ ਆਪ ਹੀ ਜਾਣੋ, ਤੁਹਾਥੋਂ ਵਡਾ ਸਿਆਣਾ ਕੌਣ ਹੈ। (ਪਰ) ਹੇ ਮੁਰਾਰੀ ਜੀ ! ਸ੍ਰੀ ਗ੍ਰੰਥ ਦੇ ਲਾਇਕ ਦਰਬਾਰ ਸਾਹਿਬ ਨਾਲੋ ਹੋ ਦੂਜਾ ਥਾਂ ਕਿਹੜਾ ਹੋ ਸਕਦਾ ਹੈ ?

## ਏਨੇ ਬਚਨਾ ਬਾਰੇ :-

(ੳ) ਕਮਾਲ ਦੀ ਚਤੁਰਾਈ ਹੈ ਲਿਖਾਰੀ ਦੀ, ਬਾਬਾ ਬੁੱਢਾ ਜੀ ਦੀ ਜ਼ਬਾਨੀ ਗੁਰਦੇਵ ਜੀ ਨੂੰ ਜਾਣਨਹਾਰ ਪ੍ਰਭੂ, ਸਭ ਤੋਂ ਵਡੇ ਸਿਆਣੇ, ਅਤੇ "ਮੁਰਾਰ" ਵੀ ਅਖਵਾ ਲਿਆ, ਅਤੇ ਫਿਰ (ਸਾਹਬ ਤੋਂ) "ਬੁਢੇ ਕਹਾ" ਨੂੰ ਅਪਣਾ ਫ਼ਤਵਾ ਸੁਣਾਉਂਦੇ ਵੀ ਨਾਲ ਹੀ ਦਰਸਾ ਦਿੱਤਾ । ਲਿਖਾਰੀ ਇਹ ਸਿੱਧ ਕਰੀ ਜਾ ਰਿਹਾ ਹੈ ਕਿ, ਗੁਰਦੇਵ ਜੀ ਮਾਮੂਲੀ ਤੋਂ ਮਾਮੂਲੀ ਕਾਰਜ ਵੀ ਬਾਬਾ ਬੁੱਢਾ ਜੀ ਤੋ ਪੁੱਛੇ ਬਿਨਾ ਨਹੀਂ ਸਨ ਕਰਦੇ। ਭਾਵ, ਜਿਵੇਂ, ਸ੍ਰੀ ਰਾਮ ਜੀ ਕੋਈ ਕੰਮ ਵੀ ਆਪਣੇ ਬ੍ਰਾਹਮਣ-ਗੁਰੂ ਵਸ਼ਿਸ਼ਟ ਜੀ ਤੋ ਪੁੱਛੇ ਬਿਨਾ ਨਹੀ ਸਨ ਕਰਦ ਉਵੇਂ ਹੀ, ਸਤਿਗੁਰੂ ਜੀ ਲਈ ਵੀ ਬਾਬਾ ਜੀ ਦੀ ਸਹਾਇਤਾ ਤੋਂ ਬਿਨਾਂ ਇਕ ਪੈਰ ਵੀ ਤੁਰਨਾ ਕਠਨ ਬਣਿਆ ਦਰਸਾਇਆ ਜਾ ਰਿਹਾ । ਕੀ, ਸਤਿਗੁਰੂ ਜੀ ਨੂੰ ਇਹ ਵੀ ਪਤਾ ਨਹੀਂ ਸੀ ਕਿ, ਪੋਥੀ (ਸਾਹਿਬ) ਨੇ ਗੁਰੂ ਗ੍ਰੰਥ ਸਾਹਿਬ ਰੂਪ ਹੋ ਕੇ ਆਖ਼ਰ ਸ੍ਰੀ ਦਰਬਾਰ ਸਾਹਿਬ ਵਿਚ ਹੀ ਪ੍ਰਕਾਸ਼ਮਾਨ ਹੋਣਾ ਹੈ ? ਦੂਜੀ ਅੱਧੀ ਪੰਗਤੀ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਮੰਦਰ ਦੀਆਂ ਮੂਰਤੀਆਂ ਵਾਂਗ 'ਅਸਥਾਪਨ' ਕੀਤੇ ਜਾਣ ਦੀ ਗੱਲ ਵੀ ਸਤਿਗੁਰੂ ਹੀ ਕਹਿੰਦਾ ਦਰਸਾ ਲਿਆ ਅਤੇ ਗੁਰੂ ਸਾਹਿਬ ਜੀ ਨੂੰ "ਮੁਰਾਰੀ" ਕਹਿ ਕੇ ਵਿਸ਼ਨੂੰ ਭਗਾਵਨ ਦੀ ਮੂਰਤੀ ਲਵਾਉਣ ਲਈ ਸਿੱਖਾਂ ਨੂੰ ਸਹਿੰਦੜ ਕਰ ਲੈਣ ਦਾ ਸ੍ਰੀ ਗਣੇਸ਼ ਵੀ ਨਾਲ ਹੀ ? ਕੁਰਬਾਨ ਜਾਈਏ ਇਸ ਲਿਖਾਰੀ ਦੀ ਚਪਲਤਾ ਤੋਂ. ਇਕ ਤੀਰ ਨਾਲ ਕਈ ਪ੍ਰਕਾਰ ਦੇ ਨਿਸ਼ਨੇ ਵਿੰਨ੍ਹੀ ਜਾ ਰਿਹਾ ਹੈ।

**(ਅ)** **ਮੁਰਾਰਾ** ਅਥਵਾ **ਮੁਰਾਰਿ**=ਮਹਾਨ ਕੋਸ਼ ਦੇ ੯੮੯ ਸਫ਼ੇ ਤੇ '**ਮੁਰਾਰਿ**' ਪਦ ਦੇ ਅਰਥ-"ਮੁਰ ਦੈਂਤ ਦਾ ਵੈਰੀ ਕ੍ਰਿਸ਼ਨਦੇਵ (ਭਾਵ ਵਿਸ਼ਨੂੰ ਭਗਵਾਨ) ਲਿਖਿਆ ਹੈ । ਏਸੇ ਮੁਰਾਰ ਅਥਵਾ ਚਤੁਰਭੁਜੀ ਵਿਸ਼ਨੂੰ ਭਗਵਾਨ ਨੇ ਹੀ ਮਾਤਾ ਗੰਗਾ ਜੀ ਦੇ ਗ੍ਰਭ ਤੋਂ ਜਨਮ ਲੈਣ ਦੀ ਲੀਲ੍ਹਾ ਰਚਾ ਬਹਿਣੀ ਅਤੇ ਲਿਖਾਰੀ ਦੇ ਏਸੇ ਮੁਰਾਰ ਨੇ ਹੀ ਸਰੋਵਰ ਦੀ ਪੁਟਾਈ ਸਮੇ ਆ ਕੇ ਸਤਿਗੁਰੂ ਅਰਜਨ ਸਾਹਿਬ ਜੀ ਕੋਲੋਂ ਚਾਰ ਦਰਵਾਜ਼ਿਆਂ ਵਾਲਾ ਹਰਿਮੰਦਰ ਸਾਹਿਬ ਅਤੇ ਕੋਠਾ ਸਾਹਿਬ ਬਣਵਾਉਂਦਾ ਵੀ ਪਾਠਕਾਂ ਨੇ ਹੁਣੇ ਵੇਖ ਲੈਣਾ ਹੈ। ਸੋ ਇਸ ਪ੍ਰੋਹਿਤ ਲਿਖਾਰੀ ਦੇ ਹਰ ਸ਼ਬਦ ਵਿਚ ਵਡੀ ਕੁਟਲਤਾ ਸਮੋਈ ਹੁੰਦੀ ਹੈ। ਆਗੇ ਆਗੇ ਦੇਖੀਏ ਹੋਤਾ ਹੈ ਕਿਆ:- :

ਇਹ ਸੁਨ ਸ੍ਰੀ ਗੁਰ ਕੀਯੋ ਅਨੰਦਾ । ਮਾਨੋ ਦਿਖਯੋ ਦੂਜ ਕੋ ਚੰਦਾ ।

ਸ੍ਰੀ ਦਰਬਾਰ ਕੀ ਉਪਮ ਉਚਾਰੀ । **ਇਹ ਸਮ ਨਹੀਂ ਤ੍ਰਿਲੋਕੀ ਸਾਰੀ** ॥੫॥

**ਅਰਥ:-**(ਬਾਬਾ ਬੁੱਢਾ ਜੀ ਦੇ ਬਚਨ) ਸੁਣ ਕੇ ਸਤਿਗੁਰੂ ਜੀ (ਇਕ ਭਰਮੀ ਹਿੰਦੂ ਵਾਂਗ) ਇਉਂ ਖਿੜ ਗਏ ਜਿਵੇਂ ਉਨ੍ਹਾਂ ਨੇ ਦੂਜ ਦਾ ਚੰਦ ਵੇਖ ਲਿਆ ਹੋਵੇ ? ਤੇ ਉਨ੍ਹਾਂ ਨੇ ਵੀ ਸ੍ਰੀ ਦਰਬਾਰ ਸਾਹਿਬ ਦੀ ਉਪਮਾ (ਵਡੀ ਉਸਤਤਿ) ਉਚਾਰਨ ਕੀਤੀ, ਕਿ ਇਸ ਵਰਗਾ ਸਾਰੀ ਤ੍ਰਿਲੋਕੀ ਵਿਚ ਹੋਰ ਕੋਈ ਨਹੀਂ ਹੈ। (**ਇਕ ਅਕਾਲ-ਰੂਪ ਏਕਤਾ ਦੇ ਥਾਂ ਸਿੱਖਾਂ ਨੂੰ ਅਨੇਕਤਾਂ ਦੇ ਪੁਜਾਰੀ ਬਣਾਇਆ ਜਾਣ ਦਾ ਨੀਹ ਪੱਥਰ ਸੀ ਲਿਖਾਰੀ ਦੀ ਇਹ ਕਿਤਾਬ ਕਿ, ਜਾਂ ਇਹ ਬਹੁਰੂਪੀਆਂ ਅਦਭੁਤ ਗ੍ਰੰਥ** ? )

**ਸਮ ਜਹਾਜ਼ ਬਨਿ ਹੈ ਦਰਬਾਰਾ** । ਤਰੈ ਜੀਵ ਭਵਸਿੰਧੁ ਅਪਾਰਾ ॥

ਨਿਤ ਨੂਤਨ ਮੰਗਲ ਈਹਾਂ ਹੋਵੈ । ਇਹ ਦਰਸਨ ਅਘ ਸਗਲੇ ਖੋਵੈ ॥੬॥

**ਅਰਥ:-** ਸ੍ਰੀ "ਦਰਬਾਰ ਸਾਹਿਬ ਜੀਵਾਂ ਨੂੰ ਭਵਸਾਗਰ ਤੋਂ ਪਾਰ ਲੰਘਾਉਣ ਵਾਲਾ ਮਾਨੋ ਜਹਾਜ ਬਣਿਆ ਹੋਇਆ ਹੈ। ਏਥੇ ਹਰ ਰੋਜ਼ ਨਿਤ ਨਵਾਂ ਉਤਸਵ ਆਨੰਦ ਹੋਇਆ ਕਰੇਗਾ, ਇਸ (ਦਰਬਾਰ ਸਾਹਿਬ) ਦੇ ਦਰਸ਼ਨ ਮਾਤ੍ਰ ਤੋਂ ਹੀ ਜੀਵਾਂ ਦੇ ਸਾਰੇ ਪਾਪ ਨਾਸ ਹੋ ਜਾਇਆ ਕਰਨਗੇ॥੬॥

ਦੋਹਰਾ ॥ **ਸਾਹਿਬ ਬੁੱਢਾ** ਜੀ ਸੁਨੋ ਮਹਿਮਾ ਅਪਰ ਅਪਾਰ । ਪਰਤੱਖ ਰੂਪ ਰਾਮਦਾਸ ਕਾ ਸੋਭਤ ਸ੍ਰੀ ਦਰਬਾਰ ॥੭॥

**ਹਰਿਮੰਦਰੁ 'ਹਰਿ' ਰੂਪ** ਹੈ **'ਲਛਮੀ'** ਚਰਨ ਬਸਾਇ । ਜੋਊ ਸਰਨਿ ਇਹ ਕੀ ਪਰੈ ਦਾਰਿਦ੍ਰ ਰਹੈ ਨ ਕਾਇ ॥੮॥

ਅਰਥ:-(ਜੇ ਹੁਣ ਸਾਹਿਬ ਅਖਵਾਇਆ ਤਾਂ ਸਤਿਗੁਰੂ ਜੀ ਦੀ ਹੀ ਜ਼ਬਾਨੀ )-ਹੇ ਸਾਹਿਬ ਬੁੱਢਾ ਜੀ ! (ਹਰਰਿਮੰਦਰ ਸਾਹਿਬ ਜੀ) ਦੀ ਅਪਾਰ ਮਹਿਮਾ ਸੁਣੋ, ਇਹ (ਮੇਰੇ ਲਈ ਪਿਤਾ) ਗੁਰੂ ਰਾਮਦਾਸ ਜੀ ਦਾ ਪ੍ਰਤੱਖ ਰੂਪ ਹੈ, ਇਹ ਤਾਂ (ਪ੍ਰਤੱਖ) ਹਰੀ ਈਸ਼ਵਰ ਹੀ ਹੈ, ਇਸ ਦੇ ਚਰਨਾ ਵਿਚ ਲਛਮੀ (-ਵਿਸ਼ਨੂੰ ਭਗਵਾਨ ਦੀ ਪਤਨੀ) ਅਥਵਾ ਮਾਇਆ ਦਾ ਸਦਾ ਵਾਸਾ

ਰਹਿਣਾ ਹੈ, ਜਿਹੜਾ ਵੀ ਇਸ ਦਰਬਾਰ ਦੀ ਸਰਨ ਆਵੇਗਾ ਉਸ ਦੀ ਕੰਗਾਲਤਾ-ਰੂਪ ਦੁੱਖੜਾ ਦੂਰ ਹੋ ਜਾਇਆ ਕਰੇਗਾ ॥੭+੮॥ {ਧਿਆਨ ਰਹੇ ਕਿ ਪੁਰਾਣਾ ਵਿਚ ਵਿਸ਼ਨੂੰ ਨੂੰ ਹੀ 'ਹਰਿ 'ਜਾਂ 'ਹਰੀ' ਅਤੇ ਲਛਮੀ ਦਾ ਪਤੀ ਲਿਖਿਆ ਹੈ। ਏਥੇ ਲਿਖਾਰੀ ਗੁਰਦੇਵ ਜੀ ਦੀ ਜ਼ਬਾਨੀ ਇਹ ਦੋਵੇਂ (ਹਰਿ ਤੇ ਲਛਮੀ) ਪਦ ਵਰਤੇ ਜਾਂਦੇ ਕਿਸ ਯੋਜਨਾਂ ਅਧੀਨ ਦਰਸਾ ਰਿਹਾ ਹੈ ? ਕਿਤੇ, ਇਹ ਕਿਸੇ ਗੰਭੀਰ ਸ਼ਰਾਰਤ ਦਾ ਨੀਂਹ ਪੱਥਰ ਤਾਂ ਨਹੀਂ ਹੈ ?

{ਪਟਿਆਲੇ ਵਾਲੀ ਪੁਸਤਕ ਵਿਚ ਇਕ ਦੋ ਥਾਈ ਲਫ਼ਜ਼ਾਂ ਵਿਚ ਅੰਤਰ ਹੈ ਉਂਜ ਸਾਰੇ ਦਾ ਸਾਰਾ ਉਰੋਕਤ ਦੋਹਰਾ ਹੀ ਹੈ}

## ਉਰੋਕਤ ੫ ਤੋਂ ੮ ਦੀ ਲਿਖਤ ਭਾਰੇ ਗੁਰਮਤਿ ਵਿਚਾਰਾਂ:-

**(ੳ)** ਤਿੰਨਾ ਹੀ ਚੌਪਈਆਂ ਵਿਚ ਸਤਿਗੁਰੂ ਅਰਜਨ ਸਾਹਿਬ ਜੀ ਨੂੰ ਆਪਣੇ ਹੱਥੀ ਬਣਵਾਏ ਨਾਸਵੰਤ ਕੰਧਾਂ ਕੋਠਿਆਂ ਰੂਪ ਦਰਬਾਰ ਸਾਹਿਬ ਨੂੰ ਆਪਣਾ ਇਸ਼ਟ ਕਰਾਮਾਤਾਂ ਹੀ ਕਹਿੰਦੇ ਅਤੇ ਵਡਿਆਂਈਆਂ ਕਰਦੇ ਕਿਸ ਯੋਜਨਾਂ ਅਧੀਂਨ ਦਰਸਾਇਆ ਹੈ ? ਗੁਰਮਤਿ ਤੋਂ ਸਾਡੀ ਅਗਿਆਨਤਾ ਤੋਂ ਚੰਗੀ ਤਰ੍ਹਾਂ ਸੁਚੇਤ (**ਵੇਦਾਂ ਦੇ ਆਦਿ ਅੰਤ ਦੇ ਜਾਣੂ ਇਸ, ਗੁਰਬਿਲਾਸ ਦੀ ਪੁਨਰ ਸੰਪਾਦਨਾਂ ਕਰਨ ਵਾਲੇ**) ਸਾਡੇ ਸਨਮਾਨ-ਯੋਗ "ਵੇਦਾਂਤੀ" ਸਾਹਿਬ ਜੀ, ਇਸ ਬਿੱਪ੍ਰ ਲਿਖਾਰੀ ਦੇ ਅੰਦਰ ਦੀ ਇਸ ਭਾਵਨਾਂ ਤੋਂ ਵੀ ਭਲੀ ਭਾਂਤੀ ਸੁਚੇਤ ਸਨ ਕਿ, ਉਹ ਸਾਨੂੰ ਇਕ ਅਕਾਲ ਦੀ ਪੂਜਾ ਤੋਂ ਉਖੇੜ ਕੇ '**ਉਸ**' ਦੀ ਕ੍ਰਿਤ (ਪਾਣੀ, ਰੁੱਖਾਂ ਆਦਿ) ਦੀ ਪੂਜਾ ਨਾਲ ਜੋੜ ਕੇ ਸਾਨੂੰ ਗੁਰੂ ਗ੍ਰੰਥ ਸਾਹਿਬ-ਰੂਪ ਸਤਿਗੁਰੂ ਨਾਨਕ ਸਾਹਿਬ ਜੀ ਦੀ ਆਸਾ ਦੀ ਵਾਰ ਗੁਰਬਾਣੀ ਤੋਂ ਬੇਮੁੱਖ ਕਰਕੇ ਸੰਸਾਰ ਸਮੁੰਦਰ ਦੀਆਂ ਵਿਕਾਰ ਲਹਿਰਾਂ ਵਿਚ ਡੋਬ ਦੇਣ ਦੇ ਯਤਨਾਂ ਵਿਚ ਹੈ-ਉਦਾਹਰਣ ਵਜੋਂ ੧੩ਵੀਂ ਪਉੜੀ ਵਿਚਲਾ ਇਹ ਫ਼ੁਰਮਾਨ-"**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥**"{੪੭੦} **ਪਰ,** ਪ੍ਰਭੂ ਖ਼ਸਮ ਨੂੰ ਛੱਡ ਕੇ ਕਿਸ **ਦੂਜੈ** ਨਾਲ ਲਗਣ ਤੋਂ ਡੁੱਬ ਮਰਨ ਦੀ ਗੱਲ ਹੈ ? ਧਿਆਨ ਰਹੇ ਕਿ, ਸੁਜਾਨ ਸਤਿਗੁਰੂ ਜੀ ਨੇ ਪਹਿਲੀ ਪਉੜੀ ਵਿਚ ਹੀ ਸਾਨੂੰ "ਦੂਜੇ " ਪਦ ਦੇ ਅਰਥ ਸਮਝਾ ਲਏ ਸਨ। ਆਸਾ ਦੀ ਵਾਰ ਦੀ ਪਹਿਲੀ ਪਉੜੀ ਦਾ ਉਹ ਪਾਵਨ ਗੁਰੂ-ਫ਼ੁਰਮਾਨ ਹੈ-"**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥**"{੪੬੩} "ਦੂਯੀ" ਉਸ ਦੀ ਬਣਾਈ ਕੁਦਰਤ, ਭਾਵ, ਮਾਇਆ ਹੈ। ਦੁਖਭੰਜਨੀ ਬੇਰੀ ਸਰੋਵਰਾਂ ਦਾ ਪਾਣੀ ਅਦਿ ਉਸ ਕਰਤਾਰ ਦੀ ਕਿਰਤ ਸਭ ਮਾਇਆ ਹੀ ਤਾਂ ਹੈ। ਸੋ ਜਦ ਸਨੂੰ ਇਹ ਯਕੀਨ ਹੋ ਗਿਆ ਕਿ ਸਤਿਗੁਰੂ ਅਰਜਨ ਸਾਹਿਬ ਜੀ ਤਾਂ ਆਪ ਸਰੋਵਰਾਂ ਬਉਲੀਆਂ ਦੇ ਪਾਣੀ ਨੂੰ ਅੰਮ੍ਰਿਤ ਜਲ ਸਮਝ ਕੇ ਉਸ ਵਿਚ ਇਸ਼ਨਾਨ ਕਰਨ ਦੇ ਸ਼ਰਧਾਲੂ ਸਨ ਫਿਰ ਅਸਾਂ ਆਪਣੇ ਆਪ ਹੀ ਇਨ੍ਹਾਂ ਭਰਮਾਂ ਵਿਚ ਸਗੋਂ ਗਲ ਗਲ ਤੋਂ ਵੀ ਅੱਗੇ ਨੱਕ ਤਾਂ ਈ ਜਾ ਡੁਬਣਾ ਸੀ ?

ਪਰ ਲਿਖਾਰ ਤਾਂ ਏਡਾ ਦਲੇਰ ਹੋ ਚੁਕਾ ਸੀ ਕਿ ਉਸ ਕੁਦਰਤ ਦੀ ਪੂਜਾ ਤੋਂ ਵੀ ਬਹੁਤ ਅਗਾਂਹ ਡੂਘੀ ਖਡ ਵਿਚ ਸਾਨੂੰ ਲੈ ਵੜਿਆ। ਮਨੁੱਖੀ ਹੱਥਾਂ ਨਾਲ ਬਣਾਏ "**ਸ੍ਰੀ ਸੰਨ੍ਹ ਸਾਹਿਬ**", "**ਸ੍ਰੀ ਦਰਬਾਰ ਸਾਹਿਬ**"-ਰੂਪ ਕੰਧਾਂ ਕੋਠਿਆਂ ਦੀ ਪੂਜਾ ਨਾਲ ਜੋੜਨਾ ਚਾਹੁੰਦਾ ਹੈ। ਏਹੀ ਕਾਰਨ ਹੈ ਕਿ, ਟੂਕ ਵਿਚ ਲਿਖੇ ਅਰਥਾਂ ਵਿਚ ਸਿੰਘ ਸਾਹਿਬ ਸ੍ਰੀ ਵੇਦਾਂਤੀ ਜੀ ਨੇ ਕਈ ਥਾਂਈ ਲਿਖਾਰੀ ਦੀ ਉਸ ਸਪੱਸ਼ਟ ਕੁਟਲਤਾ ਤੇ ਪਰਦਾ ਪਾਉਣ ਦਾ ਯਤਨ ਕੀਤਾ ਹੋਇਆ ਹੈ।

**(ਅ) ਲਿਖਾਰੀ ਦਾ** ਇਹ ਦਰਸਾਈ ਜਾਣਾ ਕਿ, ਪੰਚਮ ਪਾਤਸਾਹ ਜੀ ਬਾਬਾ ਬੁੱਢਾ ਜੀ ਦੀ ਉਂਗਲੀ ਫੜੇ ਬਿਨਾ ਇਕ ਪੈਰ ਵੀ ਨਹੀ ਸਨ ਤੁਰ ਸਕਦੇ, ਦੂਜੀ ਬੜੀ ਗੰਭੀਰ ਯੋਜਨਾ ਦੀ ਪੂਰਤੀ ਅਧੀਨ ਹੀ ਹੈ। ਕਿਉਂਕਿ, ਲਿਖਾਰੀ ਨੇ ਸਤਿਗੁਰੂ ਨਾਨਕ ਸਾਹਿਬ ਜੀ ਦੀ ਇਸ ਬੜੀ **ਅਨੂਪੰਮ ਸਫ਼ਲਤਾ** ਦਾ ਵੀ ਮਲੀਆ ਮੇਟ ਕਰਨਾ ਸੀ, ਜੋ ਗੁਰਦੇਵ ਜੀ ਨੇ, ਹਿੰਦੂ ਜਗਤ ਨੂੰ ਭਰਮਾਂ ਗ੍ਰਸੀ ਅਗਿਆਨਤਾ ਵਿਚ ਫਸਾਉਣ ਵਾਲੇ ਜੋਗੀ, ਜੰਗਮ, ਸੰਨਿਆਸੀਂ, ਮੋਨੀ, ਜਪੀ, ਤਪੀ, ਸਿੱਧ-ਸਾਧਿਕ ਅਥਵਾ ਸਾਧ-ਸੰਤ-ਰੂਪ ਮਨੁੱਖੀ-ਕੂੜ-ਕੁਸੱਤ ਉੱਤੇ ਕਿਸੇ ਪ੍ਰਕਾਰ ਦੇ ਭਰੋਸੇ ਵਾਲੇ ਸੰਕਲਪ **ਨੂੰ**, ਗੁਰਬਾਣੀ ਸਮੇਤ, ਸਿਖਾਂ ਦੇ ਜੀਵਨ-ਇਤਿਹਾਸ ਵਿਚੋਂ ਦੂਰ ਕਰ ਦੇਣ ਦੇ ਰੂਪ ਵਡੀ ਜਿੱਤ, **ਪ੍ਰਾਪਤ** ਕਰ ਲਈ ਹੋਈ ਸੀ। ਆਖ਼ਰ ਉਸ ਨੇ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਵਿਚ ਡੇਰਾ ਦਾਰੀ ਸਾਧ-ਠੱਗ-ਅਡਿਆਂ ਦੀ ਭਰਮਾਰ-ਰੂਪ, ਅਥਵਾ ਸਿੱਖੀ ਦੇ ਬੇਦਾਗ਼ ਚੰਦ੍ਰਮੇ ਵਿਚ ਸਾਧ-ਡੇਰੇ-ਰੂਪ ਰਾਹੂ ਕੇਤੂਆਂ ਵਾਲਾ ਗ੍ਰਹਣ ਵੀ ਤਾ ਜ਼ਰੂਰੀ ਲਾਉਣਾ ਸੀ। ਇਸ ਬੜੇ ਗੰਭੀਰ **ਕੁ-ਕਾਰਜ ਦੀ ਪੂਰਤੀ** ਲਈ ਲਿਖਾਰੀ ਕੋਲ **ਬਾਬਾ ਬੁਢਾ ਜੀ ਤੋਂ ਚੰਗਾ ਹੋਰ ਕਿਹੜਾ ਏਡਾ ਢੁਕਵਾਂ** 'ਪਾਤਰ' **ਸੀ** ? ਸਦਕੇ ਜਾਂਈਏ ਇਸ ਕੁਟਲ ਲਿਖਾਰੀ ਦੀਆਂ ਸਿਆਣਪਾਂ ਤੋਂ, ਜੋ ਬੜੇ ਨਿਪੁੰਨ ਦਗ਼ੇਬਾਜ਼ਾਂ ਵਾਂਗ, ਇਕੋ ਤੀਰ ਨਾਲ ਕਈ ਕਈ ਨਿਸ਼ਾਨੇ, ਬੜੀ ਸਫ਼ਲਤਾ ਨਾਲ, ਵਿੱਨ੍ਹੀ ਤੁਰਿਆ ਜਾ ਰਿਹਾ ਹੈ ।

ਕਹਿਣੀ ਕਥਨੀ ਦੇ ਸੂਰੇ, ਸਤਿਗੁਰੂ ਜੀ ਦੇ ਪਾਵਨ ਨਾਮਣੇ ਨਾਲ ਇਹ ਕੁਫ਼ਰ ਜੋੜਿਆ ਜਾ ਰਿਹਾ ਹੈ ਕਿ, ਬਾਬੇ ਬੁੱਢੇ ਜੀ ਕੋਲੋਂ ਸ੍ਰੀ ਦਰਬਾਰ ਸਾਹਿਬ ਦੀ ਮਹੱਤਤਾ ਦਾ ਜਦੋਂ ਹੀ ਪਤਾ ਲੱਗਾ ਤਾਂ ਉਹ ਏਨੇ ਪ੍ਰਸੰਨ ਹੋਏ ਕਿ ਉਹ ਰੱਬ ਜੀ ਦੇ ਥਾਂ, ਆਪਣੇ ਹੱਥੀ ਬਣਾਏ ਨਾਸਵੰਤ ਕੰਧਾਂ ਕੋਠਿਆਂ ਦੀ ਉਪਮਾ ਕਰਨ ਲੱਗ ਪਏ ? ਉਸ ਪਰਮ-ਪਿਤਾ ਆਪਣੇ **"ਰੱਬ ਜੀ"** ਵਲ ਪਿਠ ਕਰ ਲਈ ਜਿਸ ਦੀਆਂ ਵਡਿਆਈਆਂ ਕਰਦੇ ਪੰਚਮ ਸਤਿਗੁਰੂ ਨਾਨਕ ਸਾਹਿਬ ਜੀ ਨਾ ਅੱਕਦੇ ਸਨ ਅਤੇ ਨਾ ਹੀ ਕਦੇ ਥੱਕਦੇ ਸਨ:-

੧- **ਮਾਰੂ ਸੋਲਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥ ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥੧॥ ਸਿਮਰਹਿ ਖੰਡ ਦੀਪ ਸਭਿ ਲੋਆ ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥ ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ ॥੨॥ ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ ਸਿਮਰਹਿ ਦੇਵਤੇ ਕੋੜਿ ਤੇਤੀਸਾ ॥ ਸਿਮਰਹਿ ਜਖ੍ਹਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ ॥੩॥ ਸਿਮਰਹਿ ਪਸੁ ਪੰਖੀ ਸਭਿ ਭੂਤਾ ॥ ਸਿਮਰਹਿ ਬਨ ਪਰਬਤ ਅਉਧੂਤਾ ॥ ਲਤਾ ਬਲੀ ਸਾਖ ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ ॥੪॥ ਸਿਮਰਹਿ ਥੂਲ ਸੂਖਮ ਸਭਿ ਜੰਤਾ ॥ ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥ ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ ॥੫॥ ਸਿਮਰਹਿ ਨਰ ਨਾਰੀ ਆਸਰਮਾ ॥ ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥ ਸਿਮਰਹਿ ਗੁਣੀ ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ ਦਿਨਾ ॥੬॥ ਸਿਮਰਹਿ ਘੜੀ ਮੂਰਤ ਪਲ ਨਿਮਖਾ ॥ ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥ ਸਿਮਰਹਿ ਸਉਣ ਸਾਸਤ੍ਰ ਸੰਜੋਗਾ ਅਲਖੁ ਨ ਲਖੀਐ ਇਕੁ ਖਿਨਾ ॥੭॥ ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ਕਰਿ ਕਿਰਪਾ ਜਿਸੁ ਭਗਤੀ ਲਾਵਹੁ ਜਨਮੁ ਪਦਾਰਥੁ ਸੋ ਜਿਨਾ ॥੮॥ ਜਾ ਕੈ ਮਨਿ ਵੂਠਾ ਪ੍ਰਭੁ ਅਪਨਾ ॥ ਪੂਰੈ ਕਰਮਿ ਗੁਰ ਕਾ ਜਪੁ ਜਪਨਾ ॥ ਸਰਬ ਨਿਰੰਤਰਿ ਸੋ ਪ੍ਰਭੁ ਜਾਤਾ ਬਹੁੜਿ ਨ ਜੋਨੀ ਭਰਮਿ ਰੁਨਾ ॥੯॥ ਗੁਰ ਕਾ ਸਬਦੁ ਵਸੈ ਮਨਿ ਜਾ ਕੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥ ਸੁਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਸਹਜ ਧੁਨਾ ॥੧੦॥ ਸੋ ਧਨਵੰਤਾ ਜਿਨਿ ਪ੍ਰਭੁ ਧਿਆਇਆ ॥ ਸੋ ਪਤਿਵੰਤਾ ਜਿਨਿ ਸਾਧਸੰਗੁ ਪਾਇਆ ॥ ਪਾਰਬ੍ਰਹਮੁ ਜਾ ਕੈ ਮਨਿ ਵੂਠਾ** ਸੋ ਪੂਰ ਕਰੰਮਾ ਨਾ ਛਿਨਾ ॥੧੧॥ **ਜਲਿ ਥਲਿ ਮਹੀਅਲਿ ਸੁਆਮੀ ਸੋਈ ॥ ਅਵਰੁ ਨ ਕਹੀਐ ਦੂਜਾ ਕੋਈ ॥ ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ ॥੧੨॥ ਊਚੇ ਤੇ ਊਚਾ ਦਰਬਾਰਾ ॥ ਕਹਣੁ ਨ ਜਾਈ ਅੰਤੁ ਨ ਪਾਰਾ ॥ ਗਹਿਰ ਗੰਭੀਰ ਅਥਾਹ ਸੁਆਮੀ ਅਤੁਲੁ ਨ ਜਾਈ ਕਿਆ ਮਿਨਾ ॥੧੩॥ ਤੂ ਕਰਤਾ ਤੇਰਾ ਸਭੁ ਕੀਆ ॥ ਤੁਝੁ ਬਿਨੁ ਅਵਰੁ ਨ ਕੋਈ ਬੀਆ ॥ ਆਦਿ ਮਧਿ ਅੰਤਿ ਪ੍ਰਭੁ ਤੂਹੈ ਸਗਲ ਪਸਾਰਾ ਤੁਮ ਤਨਾ ॥੧੪॥ ਜਮਦੂਤੁ ਤਿਸੁ ਨਿਕਟਿ ਨ ਆਵੈ ॥ ਸਾਧਸੰਗਿ ਹਰਿ ਕੀਰਤਨੁ ਗਾਵੈ ॥ ਸਗਲ ਮਨੋਰਥ ਤਾ ਕੇ ਪੂਰਨ ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ ॥੧੫॥ ਤੂ ਸਭਨਾ ਕਾ ਸਭੁ ਕੋ ਤੇਰਾ ॥ ਸਾਚੇ ਸਾਹਿਬ ਗਹਿਰ ਗੰਭੀਰਾ ॥ ਕਹੁ ਨਾਨਕ ਸੇਈ ਜਨ ਊਤਮ ਜੋ ਭਾਵਹਿ ਸੁਆਮੀ ਤੁਮ ਮਨਾ ॥੧੬॥੧॥੮॥ {ਪੰਨਾ- ੧੦੭੮}**

**(ੲ)-** ਸੁਜਾਨ ਪਾਠਕਾਂ ਨੂੰ ਯਾਦ ਹੋਣਾ ਹੈ ਕਿ ਚੌਥੇ ਅਧਿਾਇ ਵਿਚ ਗੁਰੂ ਗ੍ਰੰਥ ਜੀ ਦੀ ਰਚਨਾ ਦਾ ਹਾਲ ਲਿਖਣ ਸਮੇ ਏਹੀ ਲਿਖਾਰੀ "ਗ੍ਰੰਥ" ਨੂੰ ਭਵ-ਸਾਗਰ ਤੋਂ ਪਾਰ ਉਤਾਰੇ ਦਾ ਸਾਧਨ ਲਿਖਦਾ ਰਿਹਾ ਹੈ। ਹੁਣ ਉਹੀ ਸ਼ਕਤੀਆਂ ਸ੍ਰੀ ਦਰਬਾਰ ਸਾਹਿਬ ਵਿਚ ? ਪੰਚਮ ਪਾਤਸ਼ਾਹ ਜੀ ਦੇ ਪਾਵਨ ਮੁਖਾਰਬਿੰਦ ਵਿਚ ਪਾਇਆ ਭਿਆਨਕ ਝੂਠ, ਅਤੇ ਸਾਡੇ ਧਰਮਆਗੂ ਇਸ ਸਾਰੇ ਕੂੜ ਨੂੰ ਸਾਡੇ ਲਈ ਸੁਗ਼ਾਤ ਘੋਸ਼ਤ ਕਰ ਰਹੇ ਹਨ ? ਬ੍ਰਹਮ ਦੀ ਵਿਚਾਰ ਨਾਲ ਜੋੜ ਰਹੀ ਗੁਰੂ ਬਾਣੀ ਦੀ, ਅਥਵਾ, (ਗੁਰੂ) ਗ੍ਰੰਥ (ਸਾਹਿਬ) ਦੀ ਗੱਲ ਨਹੀ, ਸਗੋਂ ਢਹਿ ਢੇਰੀ ਕੀਤੇ ਜਾ ਸਕਣ ਵਾਲੇ ਨਾਸਵੰਤ ਕੰਧਾ ਕੋਠਿਆਂ ਦੀ ਮਹਿਮਾ ? {ਨੋਟ:-ਸ੍ਰੀ ਦਰਬਾਰ ਸਾਹਿਬ ਦੇ ਢਹਿ ਢੇਰੀ ਹੋਣ ਵਾਲੀ ਇਸ ਸਚਾਈ ਦਾ ਇਤਿਹਾਸ ਗਵਾਹ ਹੈ ਕਿ, ਅਹਿਮਦ ਸ਼ਾਹ ਅਬਦਾਲੀ ਨੇ ਬਾਰੂਦ ਭਰ ਕੇ ਇਸ ਇਮਾਰਤ ਨੂੰ ਨੀਹਾਂ ਤੋਂ ਉਡਾ ਕੇ ਪਾਵਨ ਸਰੋਵਰ ਨੂੰ ਗੰਦਗੀ ਨਾਲ ਪੂਰ ਦਿੱਤਾ ਸੀ। ਫਿਰ ਜੂਨ ੧੯੮੪ ਵਿਚ ਜੋ ਭਾਣੇ ਵਰਤੇ ਕੀ, ਅਸਾਂ ਲਗ-ਪਗ ਸਾਰਿਆਂ ਨੇ T.V. ਤੇ (ਜਾਂ ਸ੍ਰੀ ਦਰਬਾਰ ਸਾਹਿਬ ਪੁੱਜ ਕੇ) ਸਾਖ਼ਸ਼ਾਤ, ਆਪਣੇ ਅੱਖੀਂ ਨਹੀਂ ਸਨ ਵੇਖੇ ? ਪਾਵਨ ਸਰੋਵਰ ਦਾ ਜਲ ਮਨੁੱਖੀ ਲਹੂ ਨਾਲ ਲਾਲ ਹੋ ਗਿਆ, ਅਤੇ ਵਿਚ ਪਈਆਂ ਗਲੀਆਂ ਸੜੀਆਂ ਮਨੁੱਖੀ ਲਾਸ਼ਾ ਨਾਲ ਸਾਰੇ ਸਰੋਵਰ ਦਾ ਜਲ, ਸਖ਼ਤ ਦੁਰਗੰਧਤ, ਭਾਵ ਬਦਬੂਦਾਰ ਹੋਇਅ ਕਈ ਹਫ਼ਤੇ ਸਫ਼ਾਈ ਖੋਣੋਂ ਉਵੇ ਦਾ ਉਵੇ ਪਿਆ ਨੇੜੇ ਤੇੜੇ ਦੇ ਚੌਗਿਰਦੇ ਵਿੱਚ ਮੰਦੀ ਵਾਸ ਖਿਲਾਰਦਾ ਰਿਹਾ ਸੀ । ਦਾਸ ਦੇ ਬਚਨ ਇਹ ਬਚਨ," **ਸਤਿਗੁਰੂ ਗ੍ਰੰਥ ਸਾਹਿਬ ਜੀ ਬਿਲਕੁਲ ਨਹੀਂ ਮੰਨਦੇ ਕਿ ਗੁਰਬਾਣੀ ਪੜ੍ਹਨ ਨਾਲ ਕਦੇ ਵੀ ਕੋਈ ਜਲ ਅਥਵਾ ਪਾਣੀ ਅੰਮ੍ਰਿਤ ਬਣ ਸਕਦਾ ਹੈ;** ਅਗਿਆਨੀ ਭਰਮੀਆਂ ਨੂੰ ਤਾਂ ਬੁਰੇ ਲੱਗਣੇ ਹੀ ਸਨ, ਉਨ੍ਹਾਂ ਨੇ ਰੌਲਾ ਪਾਉਣਾ ਹੀ ਸੀ, ਕਿ ਉਨ੍ਹਾਂ ਦੀਆਂ ਸੱਧਰਾਂ ਨੂੰ ਠੇਸ ਪੁਚਾਈ ਹੈ, ਪਰ ਅੱਜ ਦਸੰਬਰ ੨੦੦੨ ਵਿਚ

੧੯੮੪ ਦੇ ਘਲੂਘਾਸਰੇ ਤੋਂ ੧੯ ਸਾਲ ਮਗਰੋਂ- ਸਿਰਮੌਰ ਜਥੇਦਾਰੀ ਨੇ ਅਮਰੀਕਾਂ ਦੇ ਸਾਇੰਸਦਾਨਾਂ ਨੂੰ (ਸ਼ਾਇਦ ਕ੍ਰੋੜਾਂ ਦੇ ਹਿਸਾਬ ਨਾਲ ਰੁਪਈਏ ਦੇਣੇ ਕਰਕੇ) ਉਸੇ ਸਰੋਵਰ ਦੇ ਜਲ ਦੀ ਸਫ਼ਾਈ ਦਾ ਠੇਕਾ ਕਿਸ ਦਲੀਲ ਨਾਲ ਦਿਤਾ ਹੈ ? ਕੀ, ਵੇਦਾਂਤੀ ਜੀ ਸਮੇਤ ਸਾਰੀ ਸਿਮੌਰ ਜਥੇਦਾਰੀ ਅਤੇ ਸਾਧ ਟੋਲੇ ਨੇ, ਦਾਸ ਦਾ ਕਹਿਆ ਹੀ ਸਚੁ ਨਹੀਂ ਮੰਨ ਲਿਆ ਕਿ, ਭਾਵੇ ਕਿੰਨੀ ਵੀ ਗੁਰੂ ਬਾਣੀ ਪੜ੍ਹੀ ਜਾਵੇ, ਜਾਂ ਨਿਰਧਾਰਤ ਰਾਗਾਂ ਵਿਚ ਗਾਈ ਜਾਵੇ, ਕੋਈ ਜਲ ਅਥਵਾ ਪਾਣੀ ਅੰਮ੍ਰਿਤ ਕਦੇ ਨਹੀਂ ਬਣ ਸਕਦਾ। ਕੀ, ਸਪੱਸ਼ਟ ਨਹੀਨ ਹੋ ਰਿਹਾ ਕਿ, ਆਰੰਭ ਤੋਂ ਹੀ ਲੁਟੇਰੇ ਧਰਮ ਆਗੂਆਂ ਨੇ ਸਾਨੂੰ ਝੂਠ-ਫੰਦੇ ਵਿਚ ਪਸਾਇਆ ਹੋਇਆ ਹੈ।

ਪੰਥਕ ਪਿਆਰਾਂ ਵਾਲੀ ਸੁਹਿਰਦਤਾਂ ਮੰਗ ਕਰਦੀ ਹੈ ਕਿ, ਇਸ ਗੁਰਬਿਲਾਸ ਨੂੰ ਲਿਖਾਰੀ ਪ੍ਰੋਹਿਤਾਂ ਦਾ ਕੁਟਲ ਕਾਰਾ ਸਮਝ ਕੇ, ਗੁਰਮਤਿ ਤੋਂ ਅਗਿਆਨੀ ਸਿੱਖਾਂ ਨੂੰ ਇਸ ਦੇ ਅਸਰ ਤੋਂ ਬਚਾਈ ਰੱਖਣ ਲਈ, ਇਸ ਗ੍ਰੰਥ ਦਾ (ਹੁਣ ਜਦ ਕਿ ਨਵੀਂ ਖੋਜਾਂ ਅਨੁਸਾਰ ਬਹੁ ਪੱਖੀ ਇਤਿਹਾਸ ਲਿਖਿਆ ਜਾ ਚੁਕਿਆ ਹੈ) ਖੁਰਾ ਖੋਜ ਮਿਟਾ ਦੇਣ ਵਿਚ ਹੀ ਸਿੱਖੀ ਦੇ ਅਸਲੀ ਸਿਧਾਂਤ ਦੀ ਸੁਰੱਖਿਆ ਹੈ। ਪਰ ਹੋਇਆ, ਅਥਵਾ ਹੋ ਰਿਹਾ ਉਹ ਕੁਝ ਹੈ ਜੋ ਸਾਡਾ ਕੱਟੜ ਵੈਰੀ ਚਾਹੁੰਦਾ ਆ ਰਿਹਾ ਹੈ। ਇਹ ਤਾਂ ਸਾਡੀਆਂ ਪੇਂਡੂ ਬੀਬੀਆਂ ਵੀ ਜਾਣਦੀਆਂ ਹਨ ਕਿ-" **ਭੱਠ ਪਵੈ ਸੋਨਾ ਜਿਹੜਾ ਕੰਨਾਂ ਨੂੰ ਖਾਏ ।**" -

**੨-** ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥ ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥

ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥ **ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ**

**ਪਛੋਤਾਈਐ** ॥ ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥ ਕਹੈ ਨਾਨਕੁ ਮਨ ਪਿਆਰੇ ਤੂ ਸਦਾ

ਸਚੁ ਸਮਾਲੇ ॥੧੧॥{੯੧੮}

# ੨

# 'ਹਰਿਮੰਦਰ' ਅਤੇ ਗੁਰੂ ਬਾਣੀ:-

੫●● ਸਾਲ ਤੋਂ ਵੱਧ ਸਮਾ ਹੋਇਆ ਜਦੋਂ ਸੰਸਾਰ ਵਿਚ ਅਜੋਕੀਆਂ ਸੜਕਾਂ ਦਾ ਕਿਸੇ ਨੇ ਸੁਪਨਾ ਵੀ ਸ਼ਾਇਦ ਨਾ ਲਿਆ ਹੋਵੇ। ਉਨ੍ਹੀਂ ਦਿਨੀ ਜਦੋਂ ਆਵਾ-ਜਾਈ ਦੇ ਸਾਧਨ ਕੋਈ ਨਹੀ ਸਨ, ਉਜਾੜਾਂ ਵਿਚ ਬਣੀਆਂ ਪਗ-ਡੰਡੀਆਂ ਤੇ ਕੇਵਲ ਤੁਰਨਾ ਹੀ ਕਠਨ ਨਹੀਂ ਸੀ ਸਗੋਂ, ਪੈਰ ਪੈਰ ਤੇ ਹੋਰ ਵੀ ਕਈ ਜਾਨ-ਲੇਵਾ (ਜ਼ਹਿਰੀਲੇ ਅਠੂਹਿਆਂ, ਸੱਪਾਂ, ਬਘਿਆੜਾਂ ਅਥਵਾ ਆਦਮ ਖੋਰ ਸ਼ੇਰਾਂ) ਖ਼ਤਰਿਆਂ ਦੀ ਵੀ ਭਰਮਾਰ ਸੀ । ਪਰ ਸਚੁ ਦੇ ਢੰਡੋਰਚੀ ਸਤਿਗੁਰੂ ਨਾਨਕ ਸਾਹਿਬ ਜੀ ਨੇ ਹਜ਼ਾਰਾਂ ਮੀਲ ਬਿਖੜੇ ਪੈਂਡੇ ਪੈਦਲ ਕੀਤੇ । ਉਨ੍ਹੀਂ ਦਿਨੀ ਇਹ ਖ਼ਬਰਾਂ ਆਮ ਸਨ ਕਿ, ਇਸਲਾਮ ਦੇ ਗੜ੍ਹ ਅਰਬ ਦੇਸ਼ਾਂ ਵਿਚ ਭਾਰਤੀਆਂ ਨੂੰ ਮੂਰਤੀ ਪੂਜ ਅਥਵਾ ਕਾਫ਼ਰ ਸਮਝ ਕੇ ਜਾਨੋ ਮਾਰ ਦੇਣਾ, ਸਵਾਬ (ਪੁੰਨ-ਕਰਮ) ਸਮਝਿਆ ਜਾਂਦਾ ਸੀ। ਪਰ ਲੋਕਾਂ ਨੂੰ ਅਗਿਆਨਤਾ ਦੇ ਧੁੰਧੂਕਾਰ ਵਿਚੋਂ ਕੱਢ ਕੇ ਗੁਰਮਤਿ-ਗਿਆਨ ਦੀ ਰੌਸਨੀ ਵਾਲੀ ਸੁਖਾਵੀ ਜੀਵਨ ਜੁਗਤ ਵੰਡ ਰਹੇ, ਕਰਣੀ ਕਥਨੀ ਦੇ ਸੂਰਮੇ ਸਤਿਗੁਰੂ ਜੀ ਦਾ, ਮੁਸਲਮਾਨ ਦੇ ਖ਼ੁਦਾ-ਅੱਲਾਹ, ਦੇ ਘਰ ਇਸਲਾਮ ਦੇ ਗੜ੍ਹ, ਮੱਕੇ ਸ਼ਹਿਰ ਵਿਚ ਪੁੱਜ ਕੇ ਉਨ੍ਹਾਂ ਦੇ, ਕਾਬੇ ਵਿਚਲੇ ਮਿਹਰਾਬੇ-ਰੂਪ ਖੁਦਾਇ ਵਲ ਪੈਰ ਪਸਾਰ ਕੇ ਲੇਟ ਜਾਣਾ, (ਅਦੁਤੀ ਸੂਰਮੇ ਸਤਿਗੁਰੂ ਜੀ ਦਾ) ਅਦੁਤੀ ਕਾਰਨਾਮਾ ਸੀ। ਭਾਈ ਗੁਰਦਾਸ ਜੀ ਦੀ ਗਵਾਹੀ:-

ਬਾਬਾ ਫਿਰਿ **ਮਕੇ** ਗਇਆ ਨੀਲ ਬਸਤ੍ਰ ਧਾਰੇ ਬਨਵਾਰੀ । ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ ।

ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ । ਜਾ ਬਾਬਾ ਸੁਤਾ ਰਾਤ ਨੋ ਵਲਿ **ਮੀਹਰਾਬੇ*** ਪਾਇ ਪਸਾਰੀ ।

ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫ਼ਰ ਕੁਫ਼ਾਰੀ ? ਲਤਾਂ **ਵਲਿ ਖ਼ੁਦਾਇ** ਦੇ ਕਿਉ ਕਰਿ ਪਇਆ ਹੋਇ ਬਜਿਗਾਰੀ ।

ਟੰਗੋ ਪਕੜਿ ਘਸੀਟਿਆ **ਫਿਰਿਆ ਮੱਕਾ** ਕਲਾ ਦਿਖਾਰੀ । ਹੋਇ ਹੈਰਾਨ ਕਰੇਨ ਜੁਹਾਰੀ ॥੩੨॥{ਵਾਰ ੧}

*{**Foot note:**-ਗੁਰਮਤਿ ਦੇ ਪੂਰਨ ਗਿਆਤਾ ਗੁਰਬਾਣੀ ਦੇ ਮਹਾਂਨ ਵਿਦਵਾਨ, ਗੁਰਮੁਖ ਭਾਈ ਗੁਰਦਾਸ ਜੀ ਦੇ ਉਪਰੋਕਤ ਬਚਨਾਂ ਅਨੁਸਾਰ ਸਤਿਗੁਰੂ ਨਾਨਕ ਸਾਹਿਬ ਜੀ ਜਦ ਮੱਕੇ ਗਏ ਤਾਂ ਉਥੋਂ ਦੀ (ਇਤਿਹਾਸਕ ਮੁਕੱਦਸ) "**ਮਸੀਤ**" ਵਿਚ ਜਾ ਬੈਠੇ ਜਿਥੇ ਹਾਜੀ ਲੋਕ ਹੱਜ ਗੁਜ਼ਾਰਿਆ ਕਰਦੇ ਹਨ। ਪਰ ਰਾਤ ਨੂੰ ਸੁਤੇ 'ਮਿਹਰਾਬੇ' ਵਲ ਚਰਨ ਪਸਾਰ ਕੇ । ਅਜੇਹਾ ਇਤਿਹਾਸਕ ਸਾਕਾ ਵਰਤਉਣ ਤੋਂ ਸਤਿਗੁਰੂ ਜੀ ਦਾ ਮਕਸਦ ਕੀ ਹੈ ? ਮਹਾਨ ਕੋਸ਼ ਦੇ ੯੬੯ ਸਫ਼ੇ ਤੇ ਮਿਹਰਾਬੇ ਦਾ ਅਰਥ:-ਮਿਹਰਾਬ, ਡਾਟ, ਕਮਾਨ ਦੀ ਸ਼ਕਲ ਦੀ ਦਰਵਾਜ਼ੇ ਆਦਿ ਦੀ ਚਿਣਾਈ। ੨. ਮਸੀਤ ਦੀ ਉਹ ਡਾਟ ਜੋ ਮੱਕੇ ਵਲ ਹੁੰਦੀ ਹੈ, ਜਿਸ ਦੇ ਸਾਹਮਣੇ ਖੜੇ ਹੋਕੇ ਨਮਾਜ਼ ਪੜ੍ਹੀ ਜਾਂਦੀ ਹੈ।-"ਸੁਤਾ ਜਾਇ ਮਸੀਤ ਵਿਚ ਵਲ ਮਿਹਰਾਬੇ ਪਾਇ ਪਸਾਰੀ." (ਭਾਗੁ) ਸਤਿਗੁਰੂ ਜੀ ਦੇ ਚਰਨ ਨਾ ਮੱਕੇ ਵਲ ਸਨ ਅਤੇ ਨਾ ਹੀ ਮਸੀਤ ਵਲ । ਸਗੋਂ ਗੁਰਦੇਵ ਜੀ ਦੇ ਪਾਵਨ ਚਰਨ ਮਸੀਤ ਦੀ ਕੰਧ ਵਿਚ ਬਣੇ "ਮਿਹਰਾਬੇ" ਵਲ, ਭਾਵ, ਮੱਕੇ ਸ਼ਹਿਰ ਦੀ ਇਤਿਹਾਸਕ ਮਸੀਤ ਦੀ ਕੰਧ ਵਿਚ ਬਣੀ ਡਾਟ ਵਲ ਸਨ।

(ਪਾਕਿਸਾਤਾਨ ਜਾ ਵੱਸੇ) ਮੁਸਲਮਾਨਾ ਦੇ ਭਾਰਤੀ ਪਿੰਡਾਂ ਵਿਚ, ਅਥਵਾ ਹਿੰਦ ਦੇ ਲਗਪਗ ਸਾਰੇ ਸ਼ਹਿਰਾਂ ਵਿਚ ਬਣੀਆਂ ਮਸੀਤਾਂ ਦੀ ਪੱਛਮੀ ਕੰਧ ਦੇ ਵਿਚਕਾਰ ਡਾਟ ਵਰਗਾ ਇਕ ਕੁੱਬ ਜਿਹਾ ਬਣਿਆ ਅੱਜ ਵੀ ਵੇਖਿਆ ਜਾ ਸਕਦਾ ਹੈ। ਇਸੇ ਨੂੰ ਹੀ ਮਿਹਰਾਬਾ ਕਿਹਾ ਜਾਂਦਾ ਹੈ) ਗਹੁ ਨਾਲ ਵਿਚਾਰੀਏ ਤਾਂ ਸਤਿਗੁਰੂ ਜੀ ਦੇ ਚਰਨ ਤਾਂ ਸਨ ਉਸ ਪਾਵਨ ਮਸੀਤ ਦੀ ਕੰਧ ਵਿਚ ਬਣੇ ਮਹਿਰਾਬੇ ਵਲ, ਜਦ-"ਟੰਗੋ ਪਕੜਿ ਘਸੀਟਿਆ" ਵਾਲਾ ਕੁਕਰਮ ਹੋਇਆ ਤਾਂ ਫਿਰਿਆ ਘੁੱਘ ਵਸਦਾ ਉਹ **ਮੱਕਾ** ਸ਼ਹਿਰ ਜਿਸ ਵਿਚ ਉਹੀ ਕਾਬਾ ਨਾਮੀ ਮਸੀਤ ਸੀ, ਜਿਸ ਦੀ ਕੰਧ ਵਿਚ ਬਣੇ ਮਿਹਰਾਬੇ-ਰੂਪ ਖ਼ੁਦਾਇ (ਰੱਬ) ਵਲ ਸਤਿਗੁਰੂ ਜੀ ਦੇ ਚਰਨ ਸਨ ? ਕੀ, ਮੱਕੇ ਵਿਚਲੀ ਮਸੀਤ ਅਤੇ ਉਸ ਵਿਚ ਲੇਟੇ ਸਤਿਗੁਰੂ ਜੀ ਥਵਾ ਗ਼ੁਸਤਾਖ਼ ਮੌਲਾਣੇ ਉਸ ਜੀਵਨ ਸਮੇਤ ਸਾਰਾ ਕੁਝ ਨਾਲ ਹੀ ਨਾ ਸੀ ਫਿਰਿਆ ? ਸਗੋਂ ਸਿੱਖ ਜਗਤ ਦੀ ਸਮਝ ਅਨੁਸਾਰ ਬੜਾ ਵਡਾ ਕੌਤਕ ਤਾਂ ਸਗੋਂ ਇਹ ਵਰਤਿਆ ਕਿ, ਸਤਿਗੁਰੂ ਜੀ ਦੇ ਚਰਨ ਭਾਵੇ ਮਸੀਤ ਵਿਚਲੇ ਮਿਹਰਾਬੇ ਵਲ ਸਨ, ਪਰ ਉਨ੍ਹਾਂ ਤੋਂ ਬਿਨਾ ਫਿਰਿਆਂ ਸਾਰਾ ਮਕਾ ਸ਼ਹਿਰ ? ਅਜੇਹਾ ਅਣੋਹਣਾ ਭਾਣਾ ਨਾ ਵਰਤਿਆ ਅਤੇ ਨਾ ਕੁਦਰਤ ਦੇ ਅਟੱਲ ਨੇਮਾ ਦੇ ਵਿਰੋਧ ਵਾਲਾ ਇਹ ਭਾਣਾ ਕਦੇ ਵਰਤ ਹੀ ਸਕਦਾ ਹੈ। ਫਿਰ ਹੋਇਆ ਕੀ ? ਭਾਈ, ਗੁਰਦਾਸ ਜੀ ਦੇ ਕਥਨ ਤੋਂ ਸਪੱਸ਼ਟ ਸੰਕੇਤ ਮਿਲ ਰਿਹਾ ਹੈ, ਕਿ ਹੱਜ ਦੇ ਦਿਨ ਹੋਣ ਦੇ ਕਾਰਨ ਉਥੇ ਸਾਰਾ ਹੀ ਮੱਕਾ (ਭਾਵ ਮੱਕੇ ਦੇ ਸਾਰੇ ਲੋਕ) ਜੁੜਿਆ ਹੋਇਆ ਸੀ। ਕ੍ਰੋਧ ਵਿਚ ਆਏ ਜੀਵਨ ਨਾਮੀ ਮੌਲਾਣੇ ਨੇ ਸਤਿਗੁਰੂ ਜੀ ਨੂੰ ਘਸੀਟ ਕੇ ਉਨ੍ਹਾਂ ਦੇ ਚਰਨ ਅਪਣੀ ਮਰਜ਼ੀ ਅਨੁਸਾਰ ਵਗਾਹ ਸੁੱਟੇ ਤਾਂ, ਮਿੱਠ-ਬੋਲੜੇ ਸਤਿਗੁਰੂ ਜੀ ਨੇ ਜੁੜੇ ਹੋਏ ਲੋਕਾਂ ਨੂੰ ਸੁਣਾ ਕੇ ਇਉਂ ਪੁੱਛ ਲਿਆਂ- ਕਿਉਂ ਸੱਜਣ ਜੀਉ ! ਕੀ ਜ਼ਰੇ ਜ਼ਰੇ ਵਿਚ ਮੌਜੂਦ "ਖ਼ੁਦਾਇਆ" ਦੀ. ਉਸ ਅੱਲਾਹ ਰਹੀਮ, ਕਰੀਮ, ਦੀ ਇਸ ਪਾਸੇ ਅਣਹੋਂਦ ਹੈ ? ਇਕ ਦਮ ਕਪਾਟ ਖੁੱਲ੍ਹ ਗਏ । ਹੈਂ ! ਇਹ ਤਾਂ ਕੋਈ ਖ਼ੁਦਾ ਰਸੀਦਾ ਪੀਰ ਮਾਲੂਮ ਹੁੰਦਾ ਹੈ। ਸਾਰੇ ਪਾਸੇ ਹੈਰਾਨਗੀ ਫੈਲ ਗਈ । ਲੋਕ ਨਿਉਂ ਨਿਉਂ ਸਲਾਮਾ ਕਰਦੇ ਸਤਿਗੁਰੂ ਜੀ ਦਾ ਉਚੇਚਾ ਮਾਣ ਸਤਿਕਾਰ ਕਰਨ ਲੱਗ ਪਏ-ਭਾਵ, "ਹੋਇ ਹੈਰਾਨ ਕਰੇਨ ਜੁਹਾਰੀ"- ਪਰ ਸਾਡੇ ਧਾਰਮਿਕ ਆਗੂਆਂ ਨੇ -ਕੇਵਲ ਏਨੀ ਪੰਗਤੀ-"**ਫਿਰਿਆ ਮੱਕਾ** ਕਲਾ ਦਿਖਾਰੀ" ਤੋਂ ਹੀ ਸਾਨੂੰ ਪੁਰਾਣਕ ਝੂਠ ਨਾਲ ਜੋੜ ਦਿੱਤਾ । ਖ਼ਾਸ ਤੌਰ ਦੇ ਸੰਤ ਸਿੰਘ ਮਸਕੀਨ ਜੀ ਦੇ ਭਾਸ਼ਨਾਂ ਦਾ ਦਾਸ ਦੇ ਮਨ ਨੇ ਵੀ, ਮੱਕਾ ਫਿਰਨ ਵਾਲਾ ਭਰਮ ਅਜੇਹੀ ਤੀਬਰਤਾ ਨਾਲ ਕਬੂਲਿਆ ਹੋਇਆ ਸੀ ਕਿ, ਦਲੀਲਾਂ ਦੇ ਦੇ ਕੇ ਸਿੱਧ ਕਰਿਆ ਕਰਦਾ ਸਾਂ ਕਿ ਮੱਕਾ ਜ਼ਰੂਰ ਫਿਰਿਆ ਸੀ। ਸੋ ਸਾਇਦ ਪਹਿਲਾਂ ਕਿਤੇ ਲਿਖ ਵੀ ਬੈਠਾ ਹੋਵਾਂ ਕਿ, ਸਤਿਗੁਰੂ ਜੀ ਨੇ ਮੱਕਾ ਫੇਰਿਆ ਸੀ। ਉਸ ਗੰਭੀਰ ਭੁੱਲ ਤੋਂ ਦਾਸ ਸ਼ਰਮਿੰਦਾ ਹੈ। ਪਾਠਕ ਸੱਜਣ ਖਿਮਾ ਕਰਨ ਜੀ ।}

ਇਸ ਨਾਟਕ ਦੁਆਰਾ ਗੁਰਦੇਵ ਜੀ ਨੇ ਸੰਸਾਰ ਨੂੰ (ਖ਼ਾਸ ਕਰਕੇ ਸਾਨੂੰ, ਆਪਣੇ ਸਿੱਖਾਂ ਨੂੰ) ਇਹ ਦ੍ਰਿੜ੍ਹ ਕਰਾਇਆ ਸੀ, ਕਿ, ਅਗੰਮ ਅਥਾਹ ਸਿਰਜਣਹਾਰ ਅਕਾਲ ਪੁਰਖ ਜੀ ਲਈ ਕੋਈ ਘਰ ਮੰਦਰ ਨਾ ਬਣਾ ਬਹਿਣਾ। ਆਪਣੀ ਅਪਾਰ ਸਿਰਜਣਾ ਦੇ ਕਣ ਕਣ ਵਿਚ ਸਮਾਇਆ, ਹਰ ਥਾਂ, ਹਰ ਹਿਰਦੇ ਵਿਚ ਸਦੀਵੀ ਵਿਆਪਕਤਾ ਵਾਲਾ "**ਰੱਬ-ਜੀ**" ਮਨੁੱਖੀ ਹਥਾਂ ਦੇ ਬਣੇ ਕਿਸੇ ਵੀ ਕੋਠੇ ਮੰਦਰ **Building** ਵਿਚ ਨਹੀਂ ਸਮਾ ਸਕਦਾ। ਹਰੀ ਮੰਦਰ ਜਾਂ ਰਬ ਦਾ ਘਰ ਬਣਾਉਣਾ ਉਸ ਰਚਣਹਾਰ ਦੀ ਅਵੱਗਿਆ ਹੈ, ਅਥਵਾ ਉਸ ਦੀ ਹਸਤੀ ਨਾਲ ਘਿਣਾਵਣਾ ਠੱਠਾ ਕਰਨ ਤੁੱਲ ਹੈ। ਹਰੀ ਦੇ ਅਜੇਹੇ ਮੰਦਰ, ਜਾਂ ਰੱਬ ਦੇ ਘਰ ਸਿਰਜ ਬਹਿਣ ਦਾ ਅਰਥ ਲੋਕਾਂ ਨੂੰ ਭਰਮੀ ਬਣਾਉਣਾ ਅਥਵਾ ਭੋਲੇ ਭਾਲੇ ਅਗਿਆਨੀ ਕਿਰਤੀਆਂ ਨੂੰ ਲੁਟ-ਖਾਣ ਦਾ ਅਡਾ ਬਣਾਉਣਾ ਹੋਵੇਗਾ। ਕੇਵਲ ਨਾਟਕ ਹੀ ਨਹੀਂ ਸਗੋਂ ਪਰਮ ਗਿਆਨੀ ਸੁਜਾਨ ਸਤਿਗੁਰੂ ਜੀ ਦੇ ਇਸ ਪਰਥਾਇ ਵਡਮੁੱਲੇ ਉਪਦੇਸ਼ ਦੀ ਬਖ਼ਸ਼ਸ਼ ਵੀ ਕੀਤੀ। ਸਤਿਗੁਰੂ ਜੀ ਨੇ ਹਰਿਮੰਦਰ ਕਿਸ ਨੂੰ ਆਖਿਆ ? ਬੇਅੰਤ ਗੁਰੂ ਸ਼ਬਦਾਂ ਵਿਚ ਕੁਝ ਦੀ ਸੰਖੇਪ ਮਾਤਰ ਸੂਚੀ:-(੧)-ਸਿਰੀਰਾਗੁ ਮਹਲਾ ੧ ॥... **ਪ੍ਰਭੁ ਹਰਿਮੰਦਰੁ** ਸੋਹਣਾ ਤਿਸੁ ਮਹਿ ਮਾਣਕ ਲਾਲ ॥ ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ ॥ ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ ॥੨॥....॥੪॥੯॥**{੧੭}(੨)-** ਬਿਹਾਗੜਾ ਮਹਲਾ ੫ ਛਮਤ ॥... ਦਹਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ ਹਰਿ ਪਾਇਅੜਾ ਘਰਿ ਆਏ ਰਾਮ ॥ **ਹਰਿ ਮੰਦਰੁ** ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥..॥੪॥੧॥{੫੪੨} (੩)-ਪ੍ਰਭਾਤੀ ਮਹਲਾ ੩ ਬਿਭਾਸ ॥ ਗੁਰ ਪਰਸਾਦੀ ਵੇਖੁ ਤੂ **ਹਰਿ ਮੰਦਰੁ** ਤੇਰੈ ਨਾਲਿ ॥ **ਹਰਿ ਮੰਦਰੁ** ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥੧॥ ....**ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ** ॥ ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥੧●॥ **ਹਰਿ ਮੰਦਰ ਮਹਿ ਹਰਿ** ਵਸੈ ਸਰਬ ਨਿਰੰਤਰਿ ਸੋਇ ॥ ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥੧੧॥੧॥ **{੧੩੪੬} (੪)**-ਪਉੜੀ ॥ ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥...॥੧੨॥ {੯੫੩} (੫)-ਮਾਰੂ ਮਹਲਾ ੧ ॥... ਸਤਿਗੁਰੁ ਮਿਲੈ ਤ ਮਹਲਿ ਬੁਲਾਏ ॥ ਸਾਚੀ ਦਰਗਹ ਗਤਿ ਪਤਿ ਪਾਏ ॥ ਸਾਕਤ ਠਉਰ ਨਾਹੀ **ਹਰਿ ਮੰਦਰ** ਜਨਮ ਮਰੈ ਦੁਖੁ ਪਾਇਆ ॥੭॥...॥੧੫॥੫॥੨੨॥{੧●੪੩}

{ਨੋਟ=ਪੁਸਤਕ "ਬਿੱਪਰਨ ਕੀ ਰੀਤ ਤੋਂ ਸਚੁ ਦਾ ਮਾਰਗ" ਦੇ ਸਤਵੈ ਭਾਗ ਦੇ ਚੌਥੇ ਕਾਂਡ ਦੇ ੧੧ਵੇ ਲੇਖ-"**ਮਨੁੱਖਾ ਦੇਹ ਹਰਿ ਮੰਦਰ**"**ਸਿਰਲੇਖ** ਹੇਠ ਅਰਥਾਂ ਸਮੇਤ ਕਈ ਗੁਰੂ ਸ਼ਬਦਾਂ ਦੁਆਰਾ ਸਪੱਸ਼ਟ ਕੀਤਾ ਹੈ ਕਿ, ਸਤਿਗੁਰਾਂ ਨੇ ਮਨੁੱਖਾ ਦੇਹ ਨੂੰ ਵੀ ਹਰਿ ਮੰਦਰ ਹੀ ਫ਼ੁਰਮਾਨ ਕੀਤਾ ਹੈ}

ਜਿਸ ਨੂੰ ਗੁਰਦੇਵ ਜੀ ਨੇ ਆਪ ਹੀ ਸਿਰਜਿਆ ਸੀ, ਧਰਮਸਾਲ ਰੂਪ ਉਸੇ ਕੌਮੀ ਕੇਂਦਰੀ ਅਸਥਾਨ ਨੂੰ ਗੁਰਦੇਵ ਜੀ ਆਪ ਹੀ **ਹਰਿਮੰਦਰ** ਕਦੇ ਨਹੀਂ ਸਨ ਕਹਿ ਸਕਦੇ। ਗੁਰਬਿਲਾਸ ਦਾ ਲਿਖਾਰੀ ਜਾਣ ਬੁੱਝ ਕੇ ਝੂਠੀਆਂ ਗੱਲਾਂ ਦੀ ਵਰਤੋਂ ਨਾਲ ਖ਼ਾਲਸਾ ਪੰਥ ਵਿਚ ਕੇਵਲ ਬ੍ਰਾਹਮਣਵਾਦ ਹੀ ਨਹੀਂ ਲਿਆ ਰਿਹਾ, ਸਗੋਂ ਅੰਤ ਨੂੰ ਕੌਮ ਦੇ ਇਸ ਪਾਵਨ ਕੇਂਦਰੀ ਅਸਥਾਨ ਤੇ ਬ੍ਰਾਹਮਣੀ ਕਬਜ਼ੇ ਲਈ ਬਹਾਨੇ (ਸਬੂਤ) ਤਿਆਰ ਕਰੀ ਜਾ ਰਿਹਾ ਹੈ।

ਚੌਪਈ॥ ਦਯਾਸਿੰਧ ਭਾਖੇਂ ਪੁਨ ਬੈਨਾ । ਇਹਾਂ ਰਹੈ ਸਭ ਹੀ ਤੁਮ ਰੈਨਾ ।
ਪ੍ਰਾਤਾਕਾਲ ਚਲੀਏ ਦਰਬਾਰਾ । ਅਸਥਾਪਨ ਗ੍ਰਿੰਥ ਰੂਪ ਮੁਰਾਰਾ ॥੯॥

**ਅਰਥ:**-ਦਇਆ ਦੇ ਸਾਗਰ (ਸਤਿਗੁਰੂ ਜੀ ਨੇ) ਬਚਨ ਕੀਤਾਂ ਕਿ, ਅੱਜ ਦੀ ਰਾਤ ਤੁਸੀਂ ਸਾਰੇ ਏਥੇ (ਰਾਮਸਰ ਵਿਖੇ) ਹੀ ਬਿਸਰਾਮ ਕਰੋ। ਸਵੇਰੇ ਤੜਕੇ ਦਰਬਾਰ ਸਾਹਿਬ ਜਾ ਕੇ ਗ੍ਰੰਥ ਰੂਪ ਮੁਰਾਰ ਜੀ ਨੂੰ ਉਥੇ ਅਸਥਾਂਪਨ ਕਰਾਂਗੇ।੯।

ਧਰਮਸ਼ਾਲ ਤੋਂ ਦਰਬਾਰ ਸਾਹਿਬ ਬਣਾਉਣ ਉਪਰੰਤ ਹੁਣ ਹਰਿਮੰਦਰ ਬਣਾਈ ਜਾ ਰਹੇ ਲਿਖਾਰੀ ਨੇ ਸ੍ਰੀ ਦਰਬਾਰ ਸਾਹਿਬ ਦੀ ਉਪਰੋਕਤ ਮਹਿਮਾ ਲਿਖਣ ਉਪਰੰਤ, ' ਰਾਤ ਰਾਮਸਰ ਵਿਖੇ ਹੀ ਬਿਸਰਾਮ ਕਰਨ ਦਾ ਹੁਕਮ ਗੁਰਦੇਵ ਜੀ ਤੋਂ ਮਿਲਿਆ ਦਰਸਾਉਣ ਦੇ ਨਾਲ **ਜਪ ਸਾਹਿਬ** ਦੀ ਪੰਜਵੀ ਪਉੜੀ ਦੀ ਪਹਿਲੀ ਪੰਗਤੀ-"**ਥਾਪਿਆ ਨ ਜਾਇ ਕੀਤਾ ਨ ਹੋਇ ॥**" ਦੀ ਪ੍ਰਤੱਖ ਖੰਡਨਾ ਕਰ ਲਈ ?

ਕਥਿਤ ਤੌਰ ਤੇ ਰਾਮਸਰ ਵਿਖੇ ਜਿਸ ਵਿਸ਼ਾਲ ਪੋਥੀ ਦੀ ਪੁਨਰ ਸੰਪਾਦਨਾ ਕੀਤੀ ਗਈ ਸੀ, ਵਾਸਤਵ ਵਿਚ ਉਹ ਉਸੇ ਹੀ ਆਦਿ ਪੋਥੀ ਦਾ ਵਿਸਥਾਰ ਸੀ, ਜਿਸ ਨੂੰ ਸਤਿਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਕਰਕੰਵਲਾਂ ਨਾਲ ਲਿਖਿਆ ਸੀ। ਭਾਈ ਗੁਰਦਾਸ ਜੀ ਨੇ ਉਸੇ ਹੀ ਪਰਮ ਪਵਿਤਰ ਪੋਥੀ ਸਾਹਿਬ ਨੂੰ "**ਕਿਤਾਬ**" ਲਿਖਿਆ ਹੈ। ਯਾਦ ਕਰੀਏ ਭਾਈ ਗੁਰਦਾਸ ਜੀ ਦੀ ਉਪਰੋਕਤ ੩੨ ਪਉੜੀ ਦੀ ਦੂਜੀ ਪੰਗਤੀ- **ਆਸਾ ਹਥਿ "ਕਿਤਾਬ" ਕਛਿ ਕੂਜਾ ਬਾਂਗ ਮੁਸਲਾ ਧਾਰੀ॥** ਅਤੇ ੩੩ਵੀਂ ਪੋਉੜੀ ਵਿਚਲੀ ਇਹ ਪੰਗਤੀ-" **ਪੁੱਛਣ ਖੋਲ੍ਹਿ 'ਕਿਤਾਬ' ਨੋ ਵਡਾ ਹਿੰਦੂ ਕਿ ਮਸਲਮਾਨੋਈ।"** ਸਤਿਗੁਰੂ ਨਾਨਕ ਸਾਹਿਬ ਜੀ ਦੀ ਆਪਣੀ ਬਾਣੀ ਤੋਂ ਬਿਨਾ, ਹੋਰ ਇਹ 'ਕਿਤਾਬ' ਕਿਹੜੀ ਸੀ ? ਕਿਤਾਬ ਨੂੰ ਪੋਥੀ ਤਾਂ ਕਿਹਾ ਜਾਂਦਾ ਸੀ ਪਰ ਉਨ੍ਹੀਂ ਦਿਨੀ ਗ੍ਰੰਥ ਪਦ ਬਿਲਕੁਲ ਪ੍ਰਚਲਤ ਨਹੀਂ ਸੀ।